ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 3 ਨਵੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੧੭ ਕੱਤਕ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਐਸਜੀਪੀਸੀ ਦੇ ਪ੍ਰਧਾਨ ਲਈ ਚੋਣ ਅੱਜ ਹੋਵੇਗੀ

# ਹਰਜਿੰਦਰ ਧਾਮੀ ਅਤੇ ਬੀਬੀ ਜਗੀਰ ਕੌਰ ਵਿਚਾਲੇ ਫਸਵਾਂ ਮੁਕਾਬਲਾ, ਸਰਬਸੰਮਤੀ ਦੀਆਂ ਵੀ ਕਨਸੋਆਂ !

ਅੰਮ੍ਰਿਤਸਰ, 2 ਨਵੰਬਰ (ਆਵਾਜ਼ਿ ਕੌਮ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਲਈ ਚੋਣਾਂ ਸੋਮਵਾਰ (3 ਨਵੰਬਰ) ਨੂੰ ਹੋਣੀਆਂ ਹਨ। ਇਹ ਚੋਣਾਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਸਥਿਤ



ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਣਗੀਆਂ। ਅਕਾਲੀ ਦਲ ਇੱਕ ਵਾਰ ਫਿਰ ਇਸ ਅਹੁਦੇ ਲਈ ਹਰਜਿੰਦਰ ਸਿੰਘ ਧਾਮੀ ਦਾ ਸਮਰਥਨ ਕਰੇਗਾ, ਜਦੋਂ ਕਿ ਵਿਰੋਧੀ ਪਾਰਟੀ ਦੇ ਉਮੀਦਵਾਰ ਦਾ ਅਜੇ ਐਲਾਨ ਨਹੀਂ ਕੀਤਾ ਗਿਆ ਹੈ। ਰਿਪੋਰਟਾਂ ਅਨੁਸਾਰ, ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਅੱਜ ਜਾਂ ਅੱਜ ਸਵੇਰੇ ਬੀਬੀ ਜਗੀਰ ਕੌਰ ਦੇ ਨਾਮ ਦਾ ਐਲਾਨ ਕਰਨ ਦੀ ਸੰਭਾਵਨਾ ਹੈ। ਇਸ ਦੌਰਾਨ, ਮੌਜੂਦਾ ਸਕੱਤਰ ਪ੍ਰਤਾਪ ਸਿੰਘ ਦਾ ਮੰਨਣਾ ਹੈ ਕਿ ਕੱਲ੍ਹ ਇੱਕ ਸਰਬਸੰਮਤੀ ਨਾਲ ਚੋਣ ਵੀ ਸੰਭਵ ਹੈ। ਮੁੱਖ ਸਕੱਤਰ ਨੇ ਸੰਕੇਤ ਦਿੱਤਾ ਕਿ ਮੌਜੂਦਾ ਪ੍ਰਧਾਨ



ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਮ 'ਤੇ ਸਰਬਸੰਮਤੀ ਨਾਲ ਸਹਿਮਤੀ ਹੋ ਸਕਦੀ ਹੈ। ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਕੁੱਲ 185 ਮੈਂਬਰ ਹਨ, ਜਿਨ੍ਹਾਂ ਵਿੱਚੋਂ 170 ਚੁਣੇ ਹੋਏ ਹਨ ਅਤੇ 15 ਨਾਮਜ਼ਦ ਹਨ। ਇਨ੍ਹਾਂ ਵਿੱਚੋਂ ਕੁਝ ਦਾ ਦੇਹਾਂਤ ਹੋ ਗਿਆ ਹੈ ਜਾਂ ਅਸਤੀਫਾ ਦੇ ਦਿੱਤਾ ਹੈ। ਇਸ ਚੋਣ ਸੈਸ਼ਨ ਵਿੱਚ ਪ੍ਰਧਾਨ ਦੇ ਅਹੁਦੇ 'ਤੇ ਵੋਟ ਪਾਉਣ ਲਈ ਲਗਭਗ 148 ਮੈਂਬਰ ਮੌਜੂਦ ਹੋਣਗੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਹਰ ਸਾਲ ਦੋ ਵੱਡੇ ਸੰਮੇਲਨ ਕਰਦੀ ਹੈ, ਇੱਕ ਪ੍ਰਧਾਨ ਦੀ ਚੋਣ ਲਈ ਅਤੇ ਦੂਜਾ ਬਜਟ ਪਾਸ ਕਰਨ ਲਈ। ਇਹ ਸੈਸ਼ਨ ਪ੍ਰਧਾਨ ਦੀ ਚੋਣ ਲਈ ਬੁਲਾਇਆ ਗਿਆ ਹੈ। ਮੁੱਖ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਜੇਕਰ ਸਾਰੇ ਮੈਂਬਰ ਸਰਬਸੰਮਤੀ ਨਾਲ ਫੈਸਲਾ ਲੈਂਦੇ ਹਨ, ਤਾਂ ਕੋਈ ਵੋਟਿੰਗ ਨਹੀਂ ਹੋਵੇਗੀ। ਹਾਲਾਂਕਿ, ਜੇਕਰ ਕੋਈ ਵੱਖਰਾ ਨਾਮ ਪ੍ਰਸਤਾਵਿਤ ਕੀਤਾ ਜਾਂਦਾ ਹੈ, ਤਾਂ ਚੋਣ ਪ੍ਰਕਿਰਿਆ ਬੈਲਟ ਪੇਪਰਾਂ ਰਾਹੀਂ ਕੀਤੀ ਜਾਵੇਗੀ। ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਜਿਵੇਂ ਹੀ ਮੌਜੂਦਾ ਪ੍ਰਧਾਨ ਚੋਣ ਲਈ ਬੇਨਤੀ ਕਰਦਾ ਹੈ, ਮੈਂਬਰ ਆਪਣੇ ਉਮੀਦਵਾਰ ਪੇਸ਼ ਕਰਨਗੇ। ਜੇਕਰ ਕੋਈ ਹੋਰ ਉਮੀਦਵਾਰ ਨਾਮਜ਼ਦ ਨਹੀਂ ਕੀਤਾ ਜਾਂਦਾ ਹੈ, ਤਾਂ ਤਾੜੀਆਂ ਦੇ ਵਿਚਕਾਰ ਪ੍ਰਧਾਨ ਦਾ ਐਲਾਨ ਸਰਬਸੰਮਤੀ ਨਾਲ ਕੀਤਾ ਜਾਵੇਗਾ।

## ਜੇਕਰ ਬਣੀ ਸਹਿਮਤੀ ਤਾਂ ਨਹੀਂ ਹੋਵੇਗੀ ਚੋਣ

**ਮੁੱਖ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ** ਜੇਕਰ ਸਾਰੇ ਮੈਂਬਰ ਸਰਬਸੰਮਤੀ ਨਾਲ ਫੈਸਲੇ 'ਤੇ ਪਹੁੰਚ ਜਾਂਦੇ ਹਨ, ਤਾਂ ਕੋਈ ਵੋਟਿੰਗ ਨਹੀਂ ਹੋਵੇਗੀ। ਹਾਲਾਂਕਿ, ਜੇਕਰ ਕੋਈ ਹੋਰ ਨਾਮ ਪ੍ਰਸਤਾਵਿਤ ਕੀਤਾ ਜਾਂਦਾ ਹੈ, ਤਾਂ ਚੋਣ ਪ੍ਰਕਿਰਿਆ ਬੈਲਟ ਪੇਪਰਾਂ ਰਾਹੀਂ ਕੀਤੀ ਜਾਵੇਗੀ। ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਜਿਵੇਂ ਹੀ ਮੌਜੂਦਾ ਪ੍ਰਧਾਨ ਚੋਣ ਪ੍ਰਕਿਰਿਆ ਲਈ ਬੇਨਤੀ ਕਰਦਾ ਹੈ, ਮੈਂਬਰ ਆਪਣੇ ਉਮੀਦਵਾਰ ਪੇਸ਼ ਕਰਨਗੇ। ਜੇਕਰ ਕੋਈ ਹੋਰ ਨਾਮ ਪ੍ਰਸਤਾਵਿਤ ਨਹੀਂ ਹੁੰਦਾ, ਤਾਂ ਜੈਕਾਰਿਆਂ ਦੀ ਗੂੰਜ਼ ਵਿਚਾਲੇ ਨਵੇਂ ਦਾ ਐਲਾਨ ਸਰਬਸੰਮਤੀ ਨਾਲ ਕੀਤਾ ਜਾਵੇਗਾ। ਦੱਸ ਦਈਏ ਕਿ ਮੌਜੂਦਾ ਹਾਊਸ 'ਚ 149 ਸ਼੍ਰੋਮਣੀ ਕਮੇਟੀ ਮੈਂਬਰ ਅਧਿਕਾਰਿਤ ਤੌਰ 'ਤੇ ਆਪਣੀ ਵੋਟ ਰਾਹੀਂ ਚੋਣ ਕਰਨਗੇ। ਅੱਜ ਹੋਈ ਅੰਤ੍ਰਿੰਗ ਕਮੇਟੀ ਦੀ ਬੈਠਕ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਆਮ ਬੈਠਕ ਦੁਪਹਿਰ 12 ਵਜੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਵੇਗੀ, ਜਿੱਥੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ। ਮੀਟਿੰਗ ਵਿੱਚ ਹਾਜ਼ਰ ਹੋਣ ਵਾਲਿਆਂ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਅਤੇ ਕਈ ਅੰਤ੍ਰਿੰਗ ਕਮੇਟੀ ਮੈਂਬਰ ਸ਼ਾਮਲ ਸਨ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਮ ਸਿੰਘ ਅਤੇ ਸਾਬਕਾ ਮੈਂਬਰ ਸ. ਜਗਜੀਤ ਸਿੰਘ ਬਰਾੜ ਦੇ ਦਿਹਾਂਤ 'ਤੇ ਸ਼ਰਧਾਂਜਲੀ ਭੇਟ ਕਰਨ ਲਈ ਮੂਲ ਮੰਤਰ ਅਤੇ ਗੁਰੂ ਮੰਤਰ ਦਾ ਜਾਪ ਕੀਤਾ ਗਿਆ। ਅੰਤ੍ਰਿੰਗ ਕਮੇਟੀ ਨੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਖਾਲਸਾ ਪਰੰਪਰਾ ਅਨੁਸਾਰ ਮਨਾਉਣ ਦੇ ਪ੍ਰੋਗਰਾਮ ਨੂੰ ਵੀ ਅੰਤਿਮ ਰੂਪ ਦਿੱਤਾ। ਇਹ ਸ਼ਹੀਦੀ ਪੁਰਬ 23 ਤੋਂ 29 ਨਵੰਬਰ ਤੱਕ ਸ੍ਰੀ ਆਨੰਦਪੁਰ ਸਾਹਿਬ ਵਿੱਚ ਮਨਾਇਆ ਜਾਵੇਗਾ, ਜਿਸ ਦਾ ਮੁੱਖ ਸਮਾਰੋਹ 25 ਨਵੰਬਰ ਨੂੰ ਹੋਵੇਗਾ। ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼ਤਾਬਦੀ ਸਮਾਗਮਾਂ ਦਾ ਹਿੱਸਾ ਬਣਾਉਣ ਲਈ ਹਿੰਦੂ ਅਤੇ ਹੋਰ ਧਰਮਾਂ ਦੇ ਧਾਰਮਿਕ ਆਗੂਆਂ ਨਾਲ ਵੀ ਬੈਠਕਾਂ ਕੀਤੀਆਂ ਜਾਣਗੀਆਂ।




## ਅਖ਼ਬਾਰਾਂ ਵਾਲੀਆਂ ਗੱਡੀਆਂ ਦੀ ਕਿਉਂ ਲਈ ਗਈ ਤਲਾਸ਼ੀ...? ਵਿਧਾਇਕ ਪਰਗਟ ਸਿੰਘ ਦਾ ਵੱਡਾ ਦਾਅਵਾ

ਜਲੰਧਰ, 2 ਨਵੰਬਰ (ਆਵਾਜ਼ਿ ਕੌਮ ਬਿਊਰੋ)-



ਪੰਜਾਬ ਵਿੱਚ ਪੁਲਿਸ ਨੇ ਸ਼ੁੱਕਰਵਾਰ ਤੇ ਸ਼ਨੀਵਾਰ ਰਾਤ ਦੇ ਵਿਚਕਾਰ ਇੱਕ ਮੁਹਿੰਮ ਚਲਾਈ ਵੱਖ-ਵੱਖ ਇਲਾਕਿਆਂ ਵਿੱਚ ਅਖਬਾਰਾਂ ਦੇ ਵਾਹਨਾਂ ਨੂੰ ਰੋਕ ਕੇ ਜਾਂਚ ਕੀਤੀ। ਇਹ ਚੈਕਿੰਗ ਰਾਤ 10 ਵਜੇ ਸ਼ੁਰੂ ਹੋਈ ਤੇ ਸਵੇਰ ਤੱਕ ਜਾਰੀ ਰਹੀ। ਨਤੀਜੇ ਵਜੋਂ ਜ਼ਿਆਦਾਤਰ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿੱਚ ਲੋਕ ਸਵੇਰੇ ਸਮੇਂ ਸਿਰ ਆਪਣੇ ਅਖਬਾਰ ਪ੍ਰਾਪਤ ਨਹੀਂ ਕਰ ਸਕੇ। ਇਸ ਨੂੰ ਲੈ ਕੇ ਹੁਣ ਵਿਰੋਧੀ ਧਿਰ ਵੱਲੋਂ ਵੱਡੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਇਸ ਨੂੰ ਲੈ ਕੇ ਹੁਣ ਜਲੰਧਰ ਕੈਂਟ ਤੋਂ ਵਿਧਾਇਕ ਪਰਗਟ ਸਿੰਘ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ, ਪੰਜਾਬ ਵਿੱਚ ਪ੍ਰੈੱਸ ਆਜ਼ਾਦੀ ਉੱਤੇ ਖੁੱਲ੍ਹਾ ਹਮਲਾ, ਅੱਜ ਸਵੇਰੇ ਭਗਵੰਤ ਮਾਨ ਸਰਕਾਰ ਵੱਲੋਂ ਛਾਪੇਮਾਰੀਆਂ ਕਰਕੇ ਸੂਬੇ ਭਰ ਵਿੱਚ ਅਖ਼ਬਾਰਾਂ ਦੀ ਸਪਲਾਈ ਰੋਕੀ ਗਈ, ਤਾਂ ਜੋ ਪੰਜਾਬ ਸਰਕਾਰ ਦੀ 50 ਨੰਬਰ ਕੋਠੀ ਵਿੱਚ ਅਰਵਿੰਦ ਕੇਜਰੀਵਾਲ ਦੀ ਰਹਾਇਸ਼ ਬਾਰੇ ਖ਼ਬਰ ਲੋਕਾਂ ਤੱਕ ਨਾ ਪਹੁੰਚੇ। ਪੰਜਾਬ ਦੇ ਖਜ਼ਾਨੇ ਨੂੰ ਦਿੱਲੀ ਦੀ ਲਾਬੀ ਲਈ ਲੁਟਾਉਣਾ ਤਾਂ ਪਹਿਲਾਂ ਹੀ ਸਭ ਦੇ ਸਾਹਮਣੇ ਸੀ — ਪਰ ਹੁਣ ਸੱਚ ਲੁਕਾਉਣ ਲਈ ਅਖ਼ਬਾਰ ਤੱਕ ਰੋਕੇ ਜਾ ਰਹੇ ਹਨ?

## ਆਪ੍ਰੇਸ਼ਨ ਸਿੰਦੂਰ ਦੌਰਾਨ ਧਮਾਕਾ ਪਾਕਿਸਤਾਨ ਵਿੱਚ ਹੋਇਆ ਪਰ ਨੀਂਦ ਕਾਂਗਰਸ ਪਰਿਵਾਰ ਨੂੰ ਨਹੀਂ ਆਈ-ਪੀਐਮ ਮੋਦੀ

ਆਰਾ, 2 ਨਵੰਬਰ (ਆਵਾਜ਼ਿ ਕੌਮ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਿਹਾਰ ਦੇ ਆਰਾ ਵਿੱਚ ਇੱਕ ਚੋਣ ਰੈਲੀ ਦੌਰਾਨ ਕਾਂਗਰਸ ਅਤੇ ਆਰਜੇਡੀ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਨੇ ਦੇਸ਼ ਦਾ ਮਨੋਬਲ ਵਧਾਇਆ ਪਰ ਵਿਰੋਧੀ



ਪਾਰਟੀਆਂ ਇਸ ਤੋਂ ਖੁਸ਼ ਨਹੀਂ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਇਸ ਦੇ ਸਹਿਯੋਗੀ, ਰਾਸ਼ਟਰੀ ਜਨਤਾ ਦਲ (ਆਰਜੇਡੀ) ਆਪ੍ਰੇਸ਼ਨ ਸਿੰਦੂਰ ਤੋਂ ਨਾਖੁਸ਼ ਸਨ। ਗਾਂਧੀ ਪਰਿਵਾਰ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਕਿਹਾ, "ਪਾਕਿਸਤਾਨ ਵਿੱਚ ਧਮਾਕੇ ਹੋਏ, ਪਰ ਕਾਂਗਰਸ ਦੇ ਸ਼ਾਹੀ ਪਰਿਵਾਰ ਦੀ ਨੀਂਦ ਉੱਡ ਗਈ। ਪਾਕਿਸਤਾਨ ਅਤੇ ਕਾਂਗਰਸ ਦੇ ਵੱਡੇ ਆਗੂ ਅਜੇ ਵੀ ਆਪ੍ਰੇਸ਼ਨ ਸਿੰਦੂਰ ਦੇ ਸਦਮੇ ਤੋਂ ਉਭਰ ਨਹੀਂ ਸਕੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਦਾਅਵਾ ਕੀਤਾ ਕਿ ਸੀਟਾਂ ਦੀ ਵੰਡ ਨੂੰ ਲੈ ਕੇ ਗਠਜੋੜ ਦੇ ਅੰਦਰ ਕਾਫ਼ੀ ਤਣਾਅ ਹੈ। ਉਨ੍ਹਾਂ ਕਿਹਾ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ ਤੋਂ ਠੀਕ ਪਹਿਲਾਂ, "ਬੰਦ ਦਰਵਾਜ਼ਿਆਂ ਪਿੱਛੇ ਇੱਕ ਵੱਡਾ ਖੇਡ ਖੇਡਿਆ ਗਿਆ ਸੀ।" ਉਨ੍ਹਾਂ ਦੇ ਅਨੁਸਾਰ, ਕਾਂਗਰਸ ਕਿਸੇ ਵੀ ਆਰਜੇਡੀ ਨੇਤਾ ਨੂੰ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨ ਨਹੀਂ ਕਰਨਾ ਚਾਹੁੰਦੀ ਸੀ, ਪਰ ਆਰਜੇਡੀ ਨੇ ਉਨ੍ਹਾਂ 'ਤੇ ਆਪਣਾ ਅਹੁਦਾ ਸਵੀਕਾਰ ਕਰਨ ਲਈ "ਦਬਾਅ" ਪਾਇਆ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਬਿਹਾਰ ਵਿੱਚ ਮਹਾਂਗਠਜੋੜ ਦੇ ਅੰਦਰ ਕਾਫ਼ੀ ਅੰਦਰੂਨੀ ਲੜਾਈ ਚੱਲ ਰਹੀ ਹੈ, ਅਤੇ ਇੱਕ ਆਰਜੇਡੀ ਨੇਤਾ ਨੂੰ ਬੰਦੂਕ ਦੀ ਨੋਕ 'ਤੇ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਚੁਣਿਆ ਗਿਆ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਆਰਜੇਡੀ ਅਤੇ ਕਾਂਗਰਸ ਵਿਚਕਾਰ ਦਰਾਰ ਵਧ ਰਹੀ ਹੈ। ਮੈਨੀਫੈਸਟੋ ਕਾਂਗਰਸ ਨਾਲ ਸਲਾਹ ਕੀਤੇ ਬਿਨਾਂ ਜਾਰੀ ਕੀਤਾ ਗਿਆ ਸੀ। ਚੋਣ ਪ੍ਰਚਾਰ ਦੌਰਾਨ ਵੀ ਕਾਂਗਰਸ ਦੀ ਗੱਲ ਨਹੀਂ ਸੁਣੀ ਜਾ ਰਹੀ। ਉਨ੍ਹਾਂ ਕਿਹਾ ਕਿ ਜੇ ਚੋਣਾਂ ਤੋਂ ਪਹਿਲਾਂ ਇਹ ਸਥਿਤੀ ਰਹੀ ਤਾਂ ਇਹ ਬਾਅਦ ਵਿੱਚ ਹੋਰ ਵੀ ਵਿਗੜ ਜਾਵੇਗੀ। ਪ੍ਰਧਾਨ ਮੰਤਰੀ ਮੋਦੀ ਨੇ ਅੱਗੇ ਕਿਹਾ ਕਿ ਅਜਿਹੇ ਲੋਕ ਬਿਹਾਰ ਦਾ ਕੋਈ ਭਲਾ ਨਹੀਂ ਕਰ ਸਕਦੇ। ਆਪਣੇ ਭਾਸ਼ਣ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਪੁਰਾਣੇ ਆਰਜੇਡੀ ਸ਼ਾਸਨ ਦੀ ਤੁਲਨਾ ਮੌਜੂਦਾ ਐਨਡੀਏ ਸਰਕਾਰ ਨਾਲ ਕੀਤੀ। ਉਨ੍ਹਾਂ ਕਿਹਾ ਕਿ ਆਰਜੇਡੀ ਯੁੱਗ ਨੂੰ "ਜੰਗਲ ਰਾਜ" ਕਿਹਾ ਜਾਂਦਾ ਹੈ, ਜੋ ਕਿ ਬੇਰਹਿਮੀ, ਬੰਦੂਕਾਂ, ਅੰਧਵਿਸ਼ਵਾਸ, ਕੁਸ਼ਾਸਨ ਅਤੇ ਭ੍ਰਿਸ਼ਟਾਚਾਰ ਨਾਲ ਦਰਸਾਇਆ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਐਨਡੀਏ ਸਰਕਾਰ ਨੇ ਬਿਹਾਰ ਨੂੰ ਉਸ ਯੁੱਗ ਵਿੱਚੋਂ ਬਾਹਰ ਕੱਢਿਆ ਹੈ।

## ਗੁਰਬਾਣੀ ਦੇ ਜਾਪ ਅਤੇ ਜੈਕਾਰਿਆਂ ਦੀ ਗੂੰਜ ਨਾਲ ਕੈਪਟਨ ਹਰਚਰਨ ਸਿੰਘ ਰੋਡੇ ਨੂੰ ਦਿੱਤੀ ਅੰਤਿਮ ਵਿਦਾਇਗੀ

### ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਵੱਡੇ ਭਰਾਤਾ ਸਨ ਕੈਪਟਨ ਰੋਡੇ

ਸਮਾਲਸਰ, ਬਾਘਾਪੁਰਾਣਾ, 2 ਨਵੰਬਰ ( ਗੁਰਜੰਟ ਕਲਸੀ ਲੰਡੇ, ਸੰਦੀਪ ਬਾਘੇਵਾਲੀਆ)- 20ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੇ ਵੱਡੇ ਭਰਾਤਾ ਕੈਪਟਨ ਹਰਚਰਨ ਸਿੰਘ ਰੋਡੇ ਦਾ ਅੱਜ ਉਨ੍ਹਾਂ ਦੇ ਪਿੰਡ ਗੁਰੂਪੁਰਾ (ਰੋਡੇ) ਵਿਖੇ ਗੁਰਬਾਣੀ ਦੇ ਜਾਪ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਅੰਤਿਮ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਸ. ਹਰਪਾਲ ਸਿੰਘ ਨੇ ਦਿੱਤੀ।



ਕੈਪਟਨ ਹਰਚਰਨ ਸਿੰਘ ਰੋਡੇ ਇਕ ਨਵੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਹ ਫੌਜ ਵਿੱਚੋਂ ਬਤੌਰ ਕੈਪਟਨ ਰਿਟਾਇਰ ਹੋਏ ਸਨ। ਉਨ੍ਹਾਂ ਦੇ ਦੋ ਬੇਟੇ ਹਰਪਾਲ ਸਿੰਘ, ਤਰਲੋਚਨ ਸਿੰਘ ਅਤੇ ਤਿੰਨ ਬੇਟੀਆਂ ਹਨ। ਕੈਪਟਨ ਹਰਚਰਨ ਸਿੰਘ ਰੋਡੇ ਸਿੱਖ ਸਿਆਸਤ ਤੇ ਸਿੱਖ ਸੰਘਰਸ਼ ਵਿੱਚ ਪੂਰੀ ਤਰ੍ਹਾਂ ਸਰਗਰਮ ਰਹੇ। ਉਹ ਬੜੇ ਉੱਦਮੀ, ਨਿਤਨੇਮੀ ਅਤੇ ਚੜ੍ਹਦੀ ਕਲਾ ਵਿੱਚ ਰਹਿਣ ਵਾਲੇ ਆਗੂ ਸਨ। ਅੱਜ ਸਸਕਾਰ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜਸਵੀਰ ਸਿੰਘ ਰੋਡੇ, ਭਾਈ ਜਗਤਾਰ ਸਿੰਘ ਰੋਡੇ ਮੈਂਬਰ ਐਸਜੀਪੀਸੀ, ਭਾਈ ਈਸ਼ਰ ਸਿੰਘ (ਸਪੁੱਤਰ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ), ਸ. ਅਰਸ਼ਦੀਪ ਸਿੰਘ ਸਮਰਾ (ਮੁੱਖ ਸੰਪਾਦਕ ਅੱਜ ਦੀ ਆਵਾਜ਼), ਭਾਈ ਸੁਖਹਰਪ੍ਰੀਤ ਸਿੰਘ ਮੈਂਬਰ ਐਸਜੀਪੀਸੀ, ਬਾਬਾ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਐਸਜੀਪੀਸੀ, ਭਾਈ ਅਜੈਬ ਸਿੰਘ ਅਭਿਆਸੀ ਮੈਂਬਰ ਧਰਮ ਪ੍ਰਚਾਰ ਕਮੇਟੀ ਜ਼ਿਲ੍ਹਾ ਫਰੀਦਕੋਟ, ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ, ਸਾਬਕਾ ਪਾਰਲੀਮੈਂਟ ਮੈਂਬਰ ਭਾਈ ਰਾਜਦੇਵ ਸਿੰਘ ਖਾਲਸਾ, ਸੀਨੀਅਰ ਨੇਤਾ ਗੁਰਜੰਟ ਸਿੰਘ ਭੁੱਟੋ ਰੋਡੇ, ਸੁਖਦੀਪ ਸਿੰਘ ਰੋਡੇ, ਬਲਤੇਜ ਸਿੰਘ ਲੰਗੇਆਣਾ, ਜਗਤਾਰ ਸਿੰਘ ਰਾਜੇਆਣਾ, ਗੁਰਦੇਵ ਸਿੰਘ ਦੇਬੂ ਰੋਡੇ, ਜਸਪ੍ਰੀਤ ਰੋਡੇ, ਅਮਰਜੀਤ ਰਾਜੇਆਣਾ, ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਭਾਈ ਸਵਰਨਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀ, ਸ ਗੁਰਦੀਪ ਸਿੰਘ ਬਠਿੰਡਾ, ਭਾਈ ਦਰਸ਼ਨ ਸਿੰਘ ਮੰਡ, ਬਾਵਾ ਸਿੰਘ ਰੋਡੇ, ਜਗਸੀਰ ਸਿੰਘ ਰੋਡੇ ਮੀਤ ਪ੍ਰਧਾਨ ਆਈਪੀਡੀ, ਸਥੇਦਾਰ ਬੂਟਾ ਸਿੰਘ ਰਣਸੀਂਹ ਕੇ, ਮਨਪ੍ਰੀਤ ਸਿੰਘ ਧਾਲੀਵਾਲ ਓਐਸਡੀ ਕੁਲਤਾਰ ਸਿੰਘ ਸੰਧਵਾਂ, ਫੈਡਰੇਸ਼ਨ ਪ੍ਰਧਾਨ ਦਲੇਰ ਸਿੰਘ ਡੋਡ, ਬਾਬਾ ਗੁਰਦਿਆਲ ਸਿੰਘ, ਬਾਬਾ ਗੁਰਪ੍ਰੀਤ ਸਿੰਘ ਰਾਜੇਆਣਾ, ਬਾਬਾ ਖੁਸ਼ਿਦਲ ਸਿੰਘ, ਬਾਬਾ ਬਲਵਿੰਦਰ ਸਿੰਘ ਖੁਮਾਣੀਸਰ ਸਾਹਿਬ, ਬਾਬਾ ਬਲਵਿੰਦਰ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸੰਤ ਖਾਲਸਾ ਰੋਡੇ, ਜਥੇਦਾਰ ਬਾਬਾ ਅਜੀਤ ਸਿੰਘ, ਜਥੇਦਾਰ ਬਾਬਾ ਬੋਹੜ ਸਿੰਘ ਦਮਦਮੀ ਟਕਸਾਲ, ਸਤਿੰਦਰ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਗੁਰਪ੍ਰੀਤ ਸਿੰਘ ਇੰਚਾਰਜ ਫਲਾਇੰਗ ਸਕੁਐਡ, ਬਲਕਾਰ ਸਿੰਘ ਮੈਨੇਜਰ, ਗੁਰਪ੍ਰੀਤ ਸਿੰਘ ਨੱਥੂਵਾਲਾ, ਕੁਲਵੰਤ ਸਿੰਘ ਡੇਮਰੂ, ਮਨਜੀਤ ਸਿੰਘ ਕੋਕਰੀ, ਲਖਵਿੰਦਰ ਸਿੰਘ ਬਟਾਲਾ, ਦਲਜੀਤ ਸਿੰਘ ਯੂਐਸਏ, ਰਘਬੀਰ ਸਿੰਘ ਵਾਲਸਾਲ, ਰਘਬੀਰ ਸਿੰਘ ਮਾਲੜੀ, ਪਰਮਜੀਤ ਸਿੰਘ ਯੂਕੇ, ਸੰਤ ਚਮਕੌਰ ਸਿੰਘ ਪੰਜ ਗਰਾਈਆਂ, ਬਾਬਾ ਬਲਵਿੰਦਰ ਸਿੰਘ ਤੇ ਬਾਬਾ ਜਗਤਾਰ ਸਿੰਘ ਕਾਰਸੇਵਾ ਵਾਲੇ ਸ੍ਰੀ ਅੰਮ੍ਰਿਤਸਰ ਸਾਹਿਬ, ਸ. ਤੀਰਥ ਸਿੰਘ ਮਾਹਲਾ, ਸ. ਭੋਲਾ ਸਿੰਘ ਘਣੀਏਵਾਲਾ, ਭਾਈ ਅੰਮ੍ਰਿਤ ਪਾਲ ਸਿੰਘ ਦੇ ਪਿਤਾ ਜਥੇਦਾਰ ਤਰਸੇਮ ਸਿੰਘ, ਸ. ਜਸਕਰਨ ਸਿੰਘ ਕਾਹਣ ਸਿੰਘ ਵਾਲਾ, ਜੁਗਰਾਜ ਸਿੰਘ ਲੰਗਿਆਣਾ, ਹਾਕਮ ਸਿੰਘ ਕੋਠਾ ਗੁਰੂ, ਭਾਈ ਬਲਜਿੰਦਰ ਸਿੰਘ ਕਿਲੀ, ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਦੀ ਮਾਤਾ ਬੀਬੀ ਚਰਨਜੀਤ ਕੌਰ, ਹਰਜਿੰਦਰ ਸਿੰਘ ਰੋਡੇ ਚੇਅਰਮੈਨ, ਜਥੇਦਾਰ ਦਲੀਪ ਸਿੰਘ ਚਕਰ, ਬਾਬਾ ਸੱਜਣ ਸਿੰਘ ਵਾੜਾ ਸ਼ੇਰ ਸਿੰਘ ਅਤੇ ਬਾਬਾ ਜਤਿੰਦਰ ਸਿੰਘ ਐਕਟਿੰਗ ਪ੍ਰਧਾਨ ਆਈਪੀਡੀ ਆਦਿ ਹਾਜ਼ਰ ਸਨ। ਸੰਗਤ ਨੇ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈਣ ਦਾ ਅਹਿਸਾਸ ਜਤਾਉਂਦਿਆਂ ਅਰਦਾਸ ਕੀਤੀ ਕਿ ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

ਆਵਾਜ਼ਿ ਕੌਮ
AWAZE QAUM
International Newspaper & WEB TV

ਬਾਕੀ ਸਫ਼ਾ 2 'ਤੇ

# ਗੁਰਬਾਣੀ ਦੇ ਜਾਪ ਅਤੇ ਜੈਕਾਰਿਆਂ ਦੀ ਗੂੰਜ ਨਾਲ ਕੈਪਟਨ ਹਰਚਰਨ ਸਿੰਘ ਰੋਡੇ ਨੂੰ ਦਿੱਤੀ ਅੰਤਿਮ ਵਿਦਾਇਗੀ
















ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਨਾਮ ਜਪੋ ਕਿਰਤ ਕਰੋ ਵੰਡ ਛਕੋ
Naam Japo Kirat Karo Vand Shako
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

**ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ**

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## 1984: ਸਿਰਫ਼ ਇੱਕ ਸਾਲ ਨਹੀਂ, ਕੌਮੀ ਸਿੱਖ ਚੇਤਨਾ ਦਾ ਵੀ ਹਿੱਸਾ

# ਨਵੰਬਰ 84 ਦਾ ਦੁਖਾਂਤ ਘ੍ਰਿਣਾ ਦਾ ਨਹੀਂ, ਚੇਤਨਾ, ਏਕਤਾ ਅਤੇ ਨਿਆਂ ਲਈ ਪ੍ਰੇਰਣਾ ਸਰੋਤ ਹੋਵੇ






**1984** ਸਿਰਫ਼ ਕੈਲੰਡਰ ਦਾ ਇੱਕ ਸਾਲ ਨਹੀਂ ਸੀ, ਇਹ ਸਿੱਖ ਇਤਿਹਾਸ ਦਾ ਉਹ ਪੰਨਾ ਹੈ ਜਿਸ ਨੇ ਸਿੱਖ ਕੌਮ ਨੂੰ ਆਪਣੀ ਪਛਾਣ, ਸੁਰੱਖਿਆ ਅਤੇ ਨਿਆਂ ਲਈ ਨਵੀਂ ਚੇਤਨਾ, ਨਵਾਂ ਜੋਸ਼ ਦਾ ਸੰਚਾਰ ਕੀਤਾ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਕੀਤਾ ਗਿਆ ਹਮਲਾ ਅਤੇ ਛੇ ਮਹੀਨੇ ਬਾਅਦ 31 ਅਕਤੂਬਰ ਨੂੰ ਉਨ੍ਹਾਂ ਦੀ ਹੱਤਿਆ ਤੋਂ ਉਪਰੰਤ, ਨਵੰਬਰ ਦੇ ਪਹਿਲੇ ਹਫ਼ਤੇ ਦਿੱਲੀ ਸਮੇਤ ਦੇਸ਼ ਦੇ ਅਨੇਕਾਂ ਸ਼ਹਿਰਾਂ ਵਿੱਚ ਹੋਈ ਸਿੱਖ ਨਸਲਕੁਸ਼ੀ 20ਵੀਂ ਸਦੀ ਦੇ ਸਿੱਖ ਇਤਿਹਾਸ ਦੀਆਂ ਦੋ ਅਜਿਹੀਆਂ ਅਹਿਮ ਘਟਨਾਵਾਂ ਹਨ, ਜਿਨ੍ਹਾਂ ਦੀ ਯਾਦ ਨਾ ਕਦੇ ਮਿਟ ਸਕੀ ਹੈ, ਨਾ ਹੀ 41 ਸਾਲਾਂ ਬਾਅਦ ਵੀ ਉਹ ਪੀੜਾ ਫਿੱਕੀ ਪਈ ਹੈ। ਇਹ ਯਾਦਾਂ ਅਤੇ ਪੀੜ ਲੋਕ ਮਨਾਂ ਵਿੱਚ ਹਮੇਸ਼ਾ ਰਹਿਣਗੀਆਂ। ਇੰਦਰਾ ਗਾਂਧੀ ਦੁਆਰਾ ਸ੍ਰੀ ਦਰਬਾਰ ਸਾਹਿਬ ਉੱਤੇ ਟੈਂਕਾਂ ਅਤੇ ਤੋਪਾਂ ਨਾਲ ਕਰਵਾਇਆ ਗਿਆ ਹਮਲਾ ਉਸ ਦੀ ਰਾਜਨੀਤਿਕ ਸਵਾਰਥ ਦਾ ਹਿੱਸਾ ਸੀ। ਇਸ ਦਾ ਖ਼ੁਲਾਸਾ ਉਸ ਸਮੇਂ ਦੇ ਡੀਜੀਐਮਓ ਵੀ.ਐਨ.ਸ਼ਰਮਾ, ਮੇਜਰ ਜਨਰਲ ਪੀ.ਕੇ.ਸਹਿਗਲ, ਖ਼ੁਫ਼ੀਆ ਅਧਿਕਾਰੀ ਜੀ. ਬੀ. ਐੱਸ. ਸਿੱਧੂ, ਸਾਬਕਾ ਆਈਏਐਸ ਸਰਬਜੀਤ ਸਿੰਘ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਨੇ ਪ੍ਰਗਟਾਵੇ ਰਾਹੀਂ ਗਵਾਹੀਆਂ ਵਿੱਚ ਕੀਤਾ ਹੈ। ਇਹ ਹਮਲਾ ਇੰਦਰਾ ਗਾਂਧੀ ਦੀ ਸਭ ਤੋਂ ਵੱਡੀ ਇਤਿਹਾਸਕ ਭੁੱਲ ਸੀ, ਜਿਸ ਨੇ ਸਿੱਖ ਮਨੋਵਿਗਿਆਨ ਦੀ ਜੜ੍ਹਾਂ ਤੱਕ ਝੰਜੋੜ ਦਿੱਤਾ। ਗੁਰੂ ਘਰ ਵਿੱਚ ਟੈਂਕਾਂ ਤੇ ਗੋਲੇ ਵਰਤਣ ਦਾ ਦਰਦ ਸਿੱਖ ਮਾਨਸਿਕਤਾ ਲਈ ਅਕਹਿ ਅਤੇ ਅਸਹਿ ਰਿਹਾ। ਉਸ ਮਾਹੌਲ ਵਿੱਚ, 31 ਅਕਤੂਬਰ 1984 ਨੂੰ ਜਦੋਂ ਇੰਦਰਾ ਗਾਂਧੀ ਦੀ ਉਸ ਦੇ ਦੋ ਸਿੱਖ ਬਾਡੀਗਾਰਡਾਂ ਦੁਆਰਾ ਹੱਤਿਆ ਕੀਤੀ ਗਈ, ਤਾਂ ਕਾਂਗਰਸ ਵਿੱਚ ਸਿੱਖਾਂ ਪ੍ਰਤੀ ਨਫ਼ਰਤ ਦਾ ਜ਼ਿਹਰ ਇਸ ਕਦਰ ਘੁਲ ਗਿਆ ਕਿ ਦਿੱਲੀ, ਕਾਨਪੁਰ, ਬੋਕਾਰੋ, ਰਾਂਚੀ, ਇੰਦੌਰ ਆਦਿ ਸ਼ਹਿਰਾਂ ਵਿੱਚ ਸਿੱਖਾਂ ਉੱਤੇ ਬੇਹੱਦ ਬੇਰਹਿਮੀ ਨਾਲ ਨਰਸੰਘਾਰ ਕੀਤਾ ਗਿਆ। ਸਿੱਖ ਮਰਦਾਂ ਨੂੰ ਘਰਾਂ ਤੋਂ ਕੱਢ ਕੇ ਤੇਲ ਛਿੜਕ ਕੇ ਅਤੇ ਗੱਲ੍ਹਾਂ ਵਿੱਚ ਟਾਇਰ ਪਾ ਕੇ ਜ਼ਿੰਦਾ ਸਾੜਿਆ ਗਿਆ; ਗੁਰਦੁਆਰਿਆਂ ਅਤੇ ਘਰਾਂ ਨੂੰ ਅੱਗ ਲਗਾਈ ਗਈ; ਔਰਤਾਂ ਨਾਲ ਅਤਿ ਦਰਜੇ ਦੀ ਬੇਪਤੀ ਹੋਈ ਅਤੇ ਬੱਚਿਆਂ ਨੂੰ ਬੇਰਹਿਮੀ ਨਾਲ ਮਾਰਿਆ ਗਿਆ। ਸਿਰਫ਼ ਦਿੱਲੀ ਵਿੱਚ ਹੀ 2733 ਤੋਂ ਵੱਧ ਸਿੱਖ ਕਤਲ ਕੀਤੇ ਗਏ, ਜਦੋਂ ਕਿ ਦੇਸ਼ ਭਰ ਵਿੱਚ ਇਹ ਗਿਣਤੀ ਸੱਤ ਹਜ਼ਾਰ ਤੋਂ ਉੱਪਰ ਸੀ। ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਨਾ ਕੇਵਲ ਮੌਨ ਦਰਸ਼ਕ ਰਹੇ ਸਗੋਂ ਕਾਤਲ ਟੋਲਿਆਂ ਦੀ ਮਦਦ ਵੀ ਕੀਤੀ। ਰਾਜੀਵ ਗਾਂਧੀ ਦਾ ਇਹ ਕਹਿਣਾ ਕਿ "ਜਦੋਂ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਹਿਲਦੀ ਹੈ" ਕਾਤਲਾਂ ਲਈ ਖੁੱਲ੍ਹਾ ਸੰਕੇਤ ਸੀ ਕਿ ਰਾਜ ਉਨ੍ਹਾਂ ਦੇ ਪੱਖ 'ਚ ਹੈ। ਇਹ ਇੱਕ ਯੋਜਨਾਬੱਧ, ਰਾਜਨੀਤਿਕ ਸਰਪ੍ਰਸਤੀ ਹੇਠ ਕੀਤਾ ਗਿਆ ਸਿੱਖ ਨਰਸੰਘਾਰ ਸੀ। ਗਵਾਹੀਆਂ ਅਨੁਸਾਰ ਕਾਂਗਰਸੀ ਨੇਤਾ ਜਿਵੇਂ ਜਗਦੀਸ਼ ਟਾਈਟਲਰ, ਸਜਨ ਕੁਮਾਰ ਅਤੇ ਹਰਕਿਸ਼ਨ ਲਾਲ ਭਗਤ ਖ਼ੁਦ ਹਿੰਸਾ ਨੂੰ ਪ੍ਰੇਰਿਤ ਕਰ ਰਹੇ ਸਨ, ਜਦਕਿ ਪੁਲਿਸ ਕਈ ਥਾਵਾਂ ਤੇ ਭੀੜ ਦੀ ਮਦਦ ਕਰ ਰਹੀ ਸੀ। ਜਦੋਂ ਹਿੰਸਾ ਦਾ ਦਬਾਅ ਘਟਿਆ, ਤਦ ਤਕ ਲਗਭਗ ਪੰਜ ਹਜ਼ਾਰ ਸਿੱਖ ਮਾਰੇ ਜਾ ਚੁੱਕੇ ਸਨ। ਅੰਤਰਰਾਸ਼ਟਰੀ ਮੀਡੀਆ ਅਤੇ

ਆਵਾਜ਼ਿ ਕੌਮ AWAZE QAUM
International Newspaper & WEB TV

ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਨੂੰ **State-Sponsored Pogrom** ਕਰਾਰ ਦਿੱਤਾ। ਇਸ ਦਰਿੰਦਗੀ ਦੌਰਾਨ ਕੇਂਦਰ ਸਰਕਾਰ ਅਤੇ ਸਰਕਾਰੀ ਮਸ਼ੀਨਰੀ ਮੌਨ ਰਹੀ। ਬਾਅਦ ਵਿੱਚ ਮਰਵਾਹਾ ਤੋਂ ਨਾਨਾਵਤੀ ਤੱਕ 10 ਜਾਂਚ ਕਮਿਸ਼ਨ ਬਣੇ, ਪਰ ਨਿਆਂ ਨਹੀਂ ਆਇਆ। ਹਜ਼ਾਰਾਂ ਗਵਾਹਾਂ ਦੇ ਬਾਵਜੂਦ ਕਈ ਦੋਸ਼ੀ ਸਬੂਤਾਂ ਦੀ ਘਾਟ ਦੇ ਨਾਂ 'ਤੇ ਬਰੀ ਕਰ ਦਿੱਤੇ ਗਏ। ਅਗਸਤ 2005 ਵਿੱਚ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਨੇ ਸਪਸ਼ਟ ਤੌਰ 'ਤੇ ਕਿਹਾ ਕਿ ਕਤਲੇਆਮ ਵਿੱਚ ਕਾਂਗਰਸ ਆਗੂ ਸ਼ਾਮਲ ਸਨ, ਪਰ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਉਨ੍ਹਾਂ ਨੂੰ ਨਾ ਸਿਰਫ਼ ਬਚਾਇਆ ਸਗੋਂ ਉੱਚੇ ਅਹੁਦੇ ਦਿੱਤੇ। ਐਚ. ਕੇ. ਐਲ. ਭਗਤ, ਕਮਲ ਨਾਥ, ਜਗਦੀਸ਼ ਟਾਈਟਲਰ ਅਤੇ ਸਜਨ ਕੁਮਾਰ ਵਰਗੇ ਲੋਕ ਸੱਤਾ ਦਾ ਸੁਖ ਭੋਗਦੇ ਰਹੇ। ਹਾਲਾਂਕਿ ਕੁਝ ਇਮਾਨਦਾਰ ਜੱਜ ਜਿਵੇਂ ਜਸਟਿਸ ਢੀਂਗਰਾ ਨੇ ਆਪਣੇ ਜ਼ਮੀਰ ਦੀ ਅਵਾਜ਼ ਸੁਣੀ ਅਤੇ 1995 ਵਿੱਚ ਐਚ. ਕੇ. ਐਲ. ਭਗਤ ਨੂੰ ਦੋਸ਼ੀ ਕਰਾਰ ਦਿੱਤਾ। ਪਰ ਜ਼ਿਆਦਾਤਰ ਕੇਸਾਂ ਵਿੱਚ ਗਵਾਹ ਨਿਆਂ ਦੀ ਉਡੀਕ ਕਰਦੇ ਹੋਏ ਇੱਕ-ਇੱਕ ਕਰਕੇ ਦੁਨੀਆਂ ਤੋਂ ਰੁਖ਼ਸਤ ਹੋ ਗਏ। 1984 ਨੇ ਸਿੱਖ ਕੌਮ ਦੇ ਭਰੋਸੇ ਦੀ ਨੀਂਹ ਹਿਲਾ ਦਿੱਤੀ ਸੀ, ਸੰਵਿਧਾਨ ਤੇ ਧਰਮ-ਨਿਰਪੇਖਤਾ 'ਤੇ ਟਿਕਿਆ ਵਿਸ਼ਵਾਸ ਟੁੱਟ ਗਿਆ ਸੀ। ਹਜ਼ਾਰਾਂ ਔਰਤਾਂ ਵਿਧਵਾਵਾਂ ਦੀਆਂ ਬਸਤੀਆਂ ਵਿੱਚ ਰਹਿਣ ਲਈ ਮਜਬੂਰ ਹੋਈਆਂ। ਇਹ ਸਿਰਫ਼ ਸਮਾਜਕ ਘਟਨਾ ਨਹੀਂ ਸੀ, ਸਗੋਂ ਰੂਹ ਉੱਤੇ ਲੱਗਾ ਅਜਿਹਾ ਜ਼ਖ਼ਮ ਸੀ ਜੋ ਅਜੇ ਤੱਕ ਨਹੀਂ ਭਰਿਆ। ਇਸ ਸੰਘਾਰ ਨੇ ਭਾਰਤ ਦੇ ਰਾਜਨੀਤਿਕ ਦ੍ਰਿਸ਼ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ। ਸਿੱਖਾਂ ਵਿੱਚ ਆਪਣੇ ਅਸਤਿਤਵ ਦੀ ਸੁਰੱਖਿਆ ਤੇ ਆਤਮ-ਗੌਰਵ ਦੀ ਭਾਵਨਾ ਹੋਰ ਮਜ਼ਬੂਤ ਹੋਈ। ਸਵਾਲ ਕੇਵਲ ਇਹ ਨਹੀਂ ਕਿ 1984 ਵਿੱਚ ਕੀ ਹੋਇਆ, ਸਵਾਲ ਇਹ ਵੀ ਹੈ ਕਿ ਉਸ ਵੇਲੇ ਲੋਕ ਚੁੱਪ ਕਿਉਂ ਰਹੇ?

ਜੇਕਰ ਕਿਸੇ ਧਰਮ ਦੇ ਨਿਰਦੋਸ਼ ਨਾਗਰਿਕਾਂ ਨੂੰ ਰਾਜ ਦੀ ਮਸ਼ੀਨਰੀ ਦੀ ਸਾਂਝ ਨਾਲ ਮਾਰਿਆ ਜਾਵੇ ਅਤੇ ਸਮਾਜ ਮੌਨ ਰਹੇ, ਤਾਂ ਉਹ ਚੁੱਪੀ ਖ਼ੁਦ ਹਿੰਸਾ ਦਾ ਰੂਪ ਧਾਰ ਲੈਂਦੀ ਹੈ। ਭਾਰਤ ਦੀ ਰਾਜਧਾਨੀ ਅਤੇ ਹੋਰ ਸ਼ਹਿਰਾਂ ਵਿੱਚ ਹਜ਼ਾਰਾਂ ਸਿੱਖ ਮਰਦਾਂ, ਔਰਤਾਂ ਤੇ ਬੱਚਿਆਂ ਨੂੰ ਸਿਰਫ਼ ਇਸ ਲਈ ਮਾਰਿਆ ਗਿਆ ਕਿ ਉਹ "ਸਿੱਖ" ਸਨ। ਇਹ ਕੋਈ 'ਭੀੜ ਹਿੰਸਾ' ਨਹੀਂ, ਸਗੋਂ ਇੱਕ ਯੋਜਨਾਬੱਧ ਕਤਲੇਆਮ **Genocide** ਸੀ, ਜਿਸ ਵਿੱਚ ਸੱਤਾਧਾਰੀ ਨੇਤਾ, ਪੁਲਿਸ ਪ੍ਰਸ਼ਾਸਨ ਅਤੇ ਸਰਕਾਰੀ ਮਸ਼ੀਨਰੀ ਸ਼ਾਮਲ ਸਨ। ਸਿੱਖਾਂ ਨੇ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਅਤੇ ਪੁਨਰ-ਨਿਰਮਾਣ ਲਈ ਆਪਣਾ ਖ਼ੂਨ ਦਿੱਤਾ, ਕਦੇ ਸੋਚਿਆ ਵੀ ਨਹੀਂ ਸੀ ਕਿ ਉਨ੍ਹਾਂ ਨੂੰ ਆਪਣੇ ਹੀ ਦੇਸ਼ ਵਿੱਚ ਨਿਸ਼ਾਨਾ ਬਣਨਾ ਪਵੇਗਾ।

### ਮੋਦੀ ਸਰਕਾਰ ਦਾ ਨਿਆਂ ਅਤੇ ਸਚਾਈ ਵੱਲ ਇਤਿਹਾਸਕ ਕਦਮ

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 2014 ਵਿੱਚ ਸਿੱਖਾਂ ਦੇ ਦੁੱਖ ਤੇ ਪੀੜਾ ਨੂੰ ਸਮਝਦਿਆਂ ਸਭ ਤੋਂ ਪਹਿਲਾ ਫ਼ੈਸਲਾ ਇਨਸਾਫ਼ ਦੇ ਰਾਹ ਖੋਲ੍ਹਣ ਦਾ ਕੀਤਾ। ਮਾਰਚ 2015 ਵਿੱਚ ਗ੍ਰਹਿ ਮੰਤਰਾਲਾ ਅਧੀਨ ਨਵਾਂ **SIT (Special Investigation Team)** ਬਣਾਇਆ ਗਿਆ, ਜਿਸ ਨੇ 186 ਅਣਸੁਲਝੇ ਮਾਮਲਿਆਂ ਦੀ ਮੁੜ ਜਾਂਚ ਸ਼ੁਰੂ ਕੀਤੀ। ਮੋਦੀ ਸਰਕਾਰ ਦੇ ਦੌਰ ਵਿੱਚ ਹੀ 2018 ਵਿੱਚ ਕਾਂਗਰਸ ਨੇਤਾ ਸਜਨ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ — ਇਹ ਸਿੱਖ ਕਤਲੇਆਮ ਇਤਿਹਾਸ ਦੀ ਸਭ ਤੋਂ ਵੱਡੀ ਨਿਆਇਕ ਜਿੱਤ ਸੀ, ਜੋ 34 ਸਾਲ ਬਾਅਦ ਮਿਲੀ। ਦੋਸ਼ੀ ਯਸ਼ਪਾਲ ਨੂੰ ਮੌਤ ਦੀ ਸਜ਼ਾ, ਨਰੇਸ਼ ਸ਼ੇਰਾਵਤ ਨੂੰ ਉਮਰ ਕੈਦ ਅਤੇ ਹੋਰ ਕਈ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ। ਯੂ.ਪੀ. ਦੀ ਯੋਗੀ ਸਰਕਾਰ ਨੇ ਵੀ ਕਾਨਪੁਰ ਕਤਲੇਆਮ ਵਿੱਚ ਸ਼ਾਮਲ ਦਰਜਨਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ। ਅੱਜ ਜਗਦੀਸ਼ ਟਾਈਟਲਰ ਖ਼ੁਦ ਅਦਾਲਤ ਦੇ ਕਟਹਿਰੇ ਵਿੱਚ ਹੈ। ਇਹ ਸਭ ਮੋਦੀ ਸਰਕਾਰ ਦੀ ਨਿਆਂ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ। 2019 ਵਿੱਚ ਪਹਿਲੀ ਵਾਰ ਕੇਂਦਰ ਸਰਕਾਰ ਨੇ ਅਧਿਕਾਰਕ ਤੌਰ 'ਤੇ 1984 ਦੀ ਘਟਨਾ ਨੂੰ ਸਿਰਫ਼ "ਦੰਗੇ" ਨਹੀਂ, ਸਗੋਂ **TOrganised Mass Violence**" ਵਜੋਂ ਦਰਜ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ 10 ਮਈ 2019 ਨੂੰ ਹੁਸ਼ਿਆਰਪੁਰ ਦੀ ਰੈਲੀ 'ਚ ਕਹਿਣਾ ਕਿ "1984 ਦਾ ਕਤਲੇਆਮ ਰਾਸ਼ਟਰ ਦੀ ਆਤਮਾ ਉੱਤੇ ਲੱਗਾ ਕਾਲਾ ਦਾਗ. ਹੈ। ਇਨਸਾਫ਼ ਦੇਰ ਨਾਲ ਮਿਲ ਸਕਦਾ ਹੈ, ਪਰ ਰੁਕੇਗਾ ਨਹੀਂ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਮਨੁੱਖਤਾ ਖ਼ਿਲਾਫ਼ ਅਪਰਾਧ ਸੀ, ਅਤੇ ਇਸ ਨੂੰ ਯਾਦ ਰੱਖਣਾ ਨਵੀਂ ਪੀੜ੍ਹੀ ਲਈ ਸਿੱਖਿਆ ਹੈ ਕਿ ਰਾਜਨੀਤਿਕ ਹਿੰਸਾ ਕਦੇ ਵੀ ਸਵੀਕਾਰ ਨਹੀਂ ਕੀਤੀ ਜਾ ਸਕਦੀ। ਇਹ ਬਿਆਨ ਸਿੱਖ ਕੌਮ ਲਈ ਰਾਜਨੀਤਿਕ ਨਹੀਂ ਪਰ ਭਾਵਨਾਤਮਕ ਆਸਰਾ ਜ਼ਰੂਰ ਬਣਿਆ। ਮੋਦੀ ਸਰਕਾਰ ਨੇ ਪੀੜਤ ਪਰਿਵਾਰਾਂ ਲਈ ?5 ਲੱਖ ਮੁਆਵਜ਼ਾ, ਰਿਹਾਇਸ਼, ਰੋਜ਼ਗਾਰ ਅਤੇ ਸ਼ਿਕਸ਼ਾ ਦੀਆਂ ਵਿਵਸਥਾਵਾਂ ਕੀਤੀਆਂ। ਦਿੱਲੀ ਵਿੱਚ ਰੇਖਾ ਗੁਪਤਾ ਦੀ ਭਾਜਪਾ ਸਰਕਾਰ ਨੇ 125 ਦੰਗੇ ਪੀੜਤਾਂ ਨੂੰ ਅਤੇ ਹਰਿਆਣਾ ਦੀ ਨਾਇਬ ਸੈਣੀ ਦੀ ਭਾਜਪਾ ਸਰਕਾਰ ਨੇ 121 ਪੀੜਤ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ। ਕੇਂਦਰ ਸਰਕਾਰ ਨੇ ਵਿਦੇਸ਼ੀ ਸਿੱਖ ਪ੍ਰਤੀਨਿਧੀਆਂ ਨਾਲ ਸੰਵਾਦ ਸ਼ੁਰੂ ਕੀਤਾ ਅਤੇ "**Sikh Justice Memorials**" ਦੀ ਨੀਂਹ ਰੱਖੀ। ਇਹ ਕਦਮ ਪਹਿਲਾਂ ਕਿਸੇ ਸਰਕਾਰ ਨੇ ਨਹੀਂ ਚੁੱਕਿਆ ਸੀ। ਅੱਜ ਵੀ ਸਿੱਖ ਭਾਈਚਾਰਾ ਦੇਸ਼ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾ ਰਿਹਾ ਹੈ। ਪਰ 1984 ਦੇ ਤੀਜੇ ਘੱਲੂਘਾਰੇ ਅਤੇ ਉਸ ਤੋਂ ਬਾਅਦ ਦੀਆਂ ਵਧੀਕੀਆਂ ਕਾਰਨ ਜੋ ਬੇਗਾਨਗੀ ਤੇ ਉਦਾਸੀਨਤਾ ਦੀਆਂ ਭਾਵਨਾਵਾਂ ਪੈਦਾ ਹੋਈਆਂ, ਉਨ੍ਹਾਂ ਨੂੰ ਦੂਰ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਸਰਕਾਰਾਂ ਨੂੰ ਇਹ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਅਨੇਕਾਂ ਅਜਿਹੀਆਂ ਤਾਕਤਾਂ ਸਰਗਰਮ ਹਨ ਜੋ ਭਾਰਤ ਪ੍ਰਤੀ ਆਪਣੇ ਮਨਸੂਬਿਆਂ ਨੂੰ ਹਾਸਲ ਕਰਨ ਲਈ ਸਿੱਖ ਭਾਈਚਾਰੇ ਨੂੰ ਵਾਰ ਵਾਰ ਦੇਸ਼ ਨਾਲ ਟਕਰਾਉਣ ਲਈ ਉਤੇਜਿਤ ਕਰ ਰਹੀਆਂ ਹਨ। ਕੇਂਦਰ ਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਕਾਂਗਰਸ ਸਰਕਾਰਾਂ ਵੱਲੋਂ ਗ਼ਲਤ ਫ਼ੈਸਲਿਆਂ ਰਾਹੀਂ ਸਿੱਖਾਂ ਵਿੱਚ ਪੈਦਾ ਕੀਤੀ ਗਈ ਬੇਗਾਨਗੀ ਦੀ ਅਹਿਸਾਸ ਨੂੰ ਖ਼ਤਮ ਕਰਨ ਲਈ ਹੋਰ ਠੋਸ ਕਦਮ ਚੁੱਕਣ। ਬੇਸ਼ੱਕ ਇਸ ਸਬੰਧੀ ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤੇ ਜਾ ਰਹੇ ਉਸਾਰੂ ਯਤਨਾਂ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਕੀ ਸਿੱਖ ਨਸਲਕੁਸ਼ੀ ਨੂੰ ਭੁਲਾ ਦਿੱਤਾ ਜਾਵੇ? ਸਿੱਖੀ ਸਾਨੂੰ "ਮਾਫ਼ੀ" ਸਿਖਾਉਂਦੀ ਹੈ, ਪਰ "ਭੁੱਲ ਜਾਣਾ" ਨਹੀਂ। ਗੁਰੂਆਂ ਨੇ ਸਿਖਾਇਆ ਕਿ ਜ਼ੁਲਮ ਸਹਿਣਾ ਤੇ ਉਸ ਦਾ ਵਿਰੋਧ ਨਾ ਕਰਨਾ ਪਾਪ ਹੈ। ਸਿੱਖ ਕੌਮ ਨੇ ਕਦੇ ਬਦਲੇ ਦੀ ਭਾਵਨਾ ਨਹੀਂ ਰੱਖੀ, ਪਰ ਸਚਾਈ ਅਤੇ ਨਿਆਂ ਦੀ ਮੰਗ ਹਮੇਸ਼ਾ ਜਾਰੀ ਰੱਖੀ। ਅਨੇਕਾਂ ਦੋਸ਼ੀ ਅੱਜ ਵੀ ਸ਼ਰੇਆਮ ਘੁੰਮ ਰਹੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿੱਖਾਂ ਨੂੰ 1984 ਭੁੱਲਣਾ ਨਹੀਂ ਚਾਹੀਦਾ। ਪਰ ਉਸ ਦੁਖਾਂਤ ਨੂੰ ਘ੍ਰਿਣਾ ਦਾ ਨਹੀਂ, ਸਚੇਤਨਾ, ਏਕਤਾ ਅਤੇ ਨਿਆਂ ਦੀ ਪ੍ਰੇਰਣਾ ਦਾ ਸਰੋਤ ਬਣਾਉਣਾ ਚਾਹੀਦਾ ਹੈ। ਕਿਉਂਕਿ "ਜਿਨ੍ਹਾਂ ਕੌਮਾਂ ਨੇ ਆਪਣਾ ਇਤਿਹਾਸ ਭੁਲਾਇਆ, ਉਹ ਆਪਣਾ ਭਵਿੱਖ ਵੀ ਗੁਆ ਬੈਠਦੀਆਂ ਹਨ।"

**ਪ੍ਰੋ. ਸਰਚਾਂਦ ਸਿੰਘ ਖਿਆਲਾ**
9783155522

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★









SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk
email: sanjha47@hotmail.com

SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.


ਆਵਾਜ਼ਿ ਕੌਮ AWAZE QAUM
International Newspaper & WEB TV

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ

# ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਦਰਸ਼ਨ ਦੀਦਾਰੇ ਅਤੇ ਲੜੀਵਾਰ ਇਤਿਹਾਸ ਦੀ ਕਥਾ ਹਾਜਰੀ ਭਰੀ


















ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਦਰਸ਼ਨ ਦੀਦਾਰੇ ਅਤੇ ਲੜੀਵਾਰ ਇਤਿਹਾਸ ਦੀ ਕਥਾ ਹਾਜਰੀ ਭਰਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਾਲ ਮੀਤ ਪ੍ਰਧਾਨ ਗੁਰਬੀਰ ਸਿੰਘ ਤਲਾਕੌਰ, ਸਰਦਾਰ ਜਗਤਾਰ ਸਿੰਘ ਮਾਨ ਅੰਤਰਿੰਗ ਮੈਂਬਰ ,ਸਰਦਾਰ ਸਵਰਨ ਸਿੰਘ ਬੂੰਗਾ ਟਿੱਬੀ ਸੀਨੀਅਰ ਮੈਂਬਰ ,ਸਰਦਾਰ ਸੁਖਵਿੰਦਰ ਸਿੰਘ ਮੰਡੇਬਰ ਸਾਬਕਾ ਜਰਨਲ ਸਕੱਤਰ ,ਸਰਦਾਰ ਉਮਰਾਓ ਸਿੰਘ ਛੀਨਾ ਕੈਂਥਲ ,ਭਾਈ ਗੁਰਸੇਵਕ ਸਿੰਘ ਰੰਗੀਲਾ ਅਤੇ ਭਾਈ ਜਗਮੀਤ ਸਿੰਘ ਬਰਾੜ ਅਤੇ ਹਾਜਰੀ ਭਰਦੀ ਸਿੱਖ ਸੰਗਤ ਅਤੇ ਸਨਮਾਨਿਤ ਕਰਦੇ ਪ੍ਰਬੰਧਕ ।

# ਇੱਕ ਨਜ਼ਰ . . .



## ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਸਲਾਨਾ ਖੇਡ ਮੁਕਾਬਲੇ ਕਰਵਾਏ

ਬਿਲਾਸਪੁਰ, ਮੋਗਾ, 2 ਨਵੰਬਰ (ਵਰਿਆਮ ਹਠੂਰ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ (ਮੋਗਾ) ਵਿਖੇ ਸਲਾਨਾ ਖੇਡ ਮੁਕਾਬਲੇ ਕਰਵਾਏ ਗਏ, ਸਲਾਨਾ ਦੋ ਰੋਜ਼ਾ ਖੇਡ ਮੁਕਾਬਲਿਆਂ ਵਿੱਚ ਪਹਿਲੇ ਦਿਨ ਕਲਾਸ ਨਰਸਰੀ ਤੋਂ ਦੂਸਰੀ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ ਜਿਸ ਵਿੱਚ ਨੰਨੇ ਮੁੰਨੇ ਵਿਦਿਆਰਥੀਆਂ ਦੀਆਂ ਵੱਖ-ਵੱਖ ਖੇਡ ਗਤੀਵਿਧੀਆਂ ਨੂੰ ਕਰਵਾਇਆ ਗਿਆ। ਜਿਸ ਵਿੱਚ ਤਿੰਨ ਪੈਰਾ ਵਾਲੀ ਦੌੜ, ਨਿੰਬੂ ਸਪੂਨ ਦੌੜ, ਬੋਰੀ ਦੌੜ ਹਰਡਲ ,ਰਿਲੇਅ ਦੌੜ 50 ਮੀਟਰ ਦੌੜ 100 ਮੀਟਰ ਦੌੜ ਵਿੱਚ ਸਾਰੇ ਹੀ ਨੰਨੇ ਮੁੰਨੇ ਵਿਦਿਆਰਥੀਆਂ ਨੇ ਬਹੁਤ ਹੀ ਉਤਸਾਹ ਨਾਲ ਭਾਗ ਲਿਆ।ਦੂਸਰੇ ਦਿਨ ਤੀਸਰੀ ਤੋਂ ਜਮਾਤ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡ ਗਤੀਵਿਧੀਆਂ ਵਿੱਚ ਭਾਗ ਲਿਆ। ਇਸ ਮੌਕੇ ਤੇ ਵਿਦਿਆਰਥੀਆਂ ਨੇ ਲੰਬੀ ਛਾਲ, ਉੱਚੀ ਛਾਲ, 200 ਮੀਟਰ ,400 ਮੀਟਰ ,800 ਮੀਟਰ ਦੌੜ, ਡਿਸਕਸ ਥਰੋਅ, ਸ਼ਾਟ ਪੁੱਟ, ਰਿਲੇਅ ਦੌੜ ਆਦਿ ਵਿੱਚ ਆਪਣੀ ਖੇਡ ਰੁਚੀ ਦੇ ਮੁਤਾਬਿਕ ਭਾਗ ਲਿਆ। ਇਸ ਮੌਕੇ ਤੇ ਮੌਜੂਦ ਸਕੂਲ ਪ੍ਰਧਾਨ ਅਤੇ ਸਮਾਜ ਸੇਵੀ ਸ੍ਰ ਚਰਨ ਸਿੰਘ, ਚੇਅਰਮੈਨ ਯੋਗਿੰਦਰ ਸ਼ਰਮਾ, ਪ੍ਰਿੰਸੀਪਲ ਕੁੰਜੂਮੋਲ ਜੋਅ, ਤੇ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਸਲਾਨਾ ਖੇਡ ਸਮਾਗਮ ਦਾ ਉਦਘਾਟਨ ਕਰਦੇ ਕਿਹਾ ਕਿ ਵਿਦਿਆਰਥੀਆਂ ਨੂੰ ਉਤਸ਼ਾਹ ਨਾਲ ਭਾਗ ਲੈਣਾ ਚਾਹੀਦਾ ਹੈ ਜਿਸ ਵਿੱਚ ਉਹਨਾਂ ਦਾ ਮਨੋਬਲ ਵੱਧਦਾ ਹੈ। ਇਸ ਖਾਸ ਮੌਕੇ ਤੇ ਵਿਦਿਆਰਥੀਆਂ ਦੁਆਰਾ ਰੰਗਾ ਰੰਗ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। ਵਿਦਿਆਰਥੀਆਂ ਦੁਆਰਾ ਬਹੁਤ ਹੀ ਅਨੁਸ਼ਾਸਿਤ ਤਰੀਕੇ ਨਾਲ ਸਕੂਲ ਪਰੇਡ ਵਿੱਚ ਵੀ ਭਾਗ ਲਿਆ ਗਿਆ ਤੇ ਖੇਡ ਸਮਾਗਮ ਵਿੱਚ ਚੰਗੇ ਸਪੋਰਟਸਮੈਨਸ਼ਿਪ ਦੀਆਂ ਭਾਵਨਾਵਾਂ ਨਾਲ ਖੇਡਾਂ ਵਿੱਚ ਭਾਗ ਲੈਣ ਲਈ ਸੌਂਹੁ ਨੂੰ ਚੁੱਕਿਆ ਗਿਆ।ਇਹ ਸਾਰੀਆਂ ਹੀ ਖੇਡਾਂ ਵੱਖ-ਵੱਖ ਹਾਊਸਾਂ ਅਤੇ ਉਮਰ ਸੀਮਾ ਦੇ ਅਨੁਸਾਰ ਕਰਵਾਈਆਂ ਗਈਆਂ।ਸਮਾਗਮ ਦੇ ਅੰਤ ਵਿੱਚ ਇਨਾਮ ਵੰਡ ਸਮਾਰੋਹ ਆਯੋਜਿਤ ਹੋਇਆ ,ਜਿਸ ਵਿੱਚ ਜੇਤੂ ਵਿਦਿਆਰਥੀਆਂ ਨੂੰ ਤਗਮਿਆਂ ਨਾਲ ਸਨਮਾਨਿਤ ਕੀਤਾ ਗਿਆ।

## ਵਿਕਾਸ ਕਾਰਜਾਂ ਦੀ ਵਿਉਂਤਬੰਦੀ ਸਬੰਧੀ ਪਠਲਾਵਾ ਸੰਸਥਾ ਦੀ ਵਿਸ਼ੇਸ਼ ਮੀਟਿੰਗ ਹੋਈ





**ਹਰਪ੍ਰੀਤ ਸਿੰਘ ਪਠਲਾਵਾ ਦੀ ਵਿਸ਼ੇਸ਼ ਰਿਪੋਰਟ**

ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਸਮਾਜ ਸੇਵੀ ਕਾਰਜਾਂ ਲਈ ਮੋਹਰੀ ਭੂਮਿਕਾ ਨਿਭਾ ਰਹੀ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੀ ਇਕ ਮਹੱਤਵਪੂਰਨ ਮੀਟਿੰਗ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਜੀ ਦੀ ਰਹਿਨੁਮਾਈ ਹੇਠ ਵਾਰੀਆ ਪਰਿਵਾਰ ਦੇ ਗ੍ਰਹਿ ਵਿਖੇ ਪਾਰਕ ਵਿਚ ਹੋਈ । ਜਿਸ ਵਿਚ ਬੀਤੇ ਮਹੀਨੇ ਸੰਸਥਾ ਦੇ ਮੁਹਾਜ਼ ਤੋਂ ਹੋਏ ਕਾਰਜਾਂ ਤੇ ਤਸੱਲੀ ਪ੍ਰਗਟ ਕਰਦਿਆਂ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਨੇ ਆਖਿਆ ਕਿ ਮਾਨਵਤਾ ਦੇ ਭਲੇ ਹਿਤ ਇਨਸਾਨ ਵਲੋਂ ਕੀਤੇ ਨੇਕ ਕਾਰਜ ਹੀ ਉਸਦੀ ਵੱਡੀ ਪੂੰਜੀ ਹਨ। ਉਹਨਾਂ ਨੇ ਆਖਿਆ ਆਉਣ ਵਾਲੇ ਸਮੇਂ ਵਿੱਚ ਵੀ ਸੰਸਥਾ ਇਨਸਾਨੀਅਤ ਦੀ ਸੇਵਾ ਵਿਚ ਸਮਾਜ ਸੇਵੀ ਕਾਰਜਾਂ ਨੂੰ ਅੰਜ਼ਾਮ ਦੇਣ ਵਿਚ ਹਮੇਸ਼ਾ ਤੱਤਪਰ ਰਹਿੰਦਿਆਂ ਯਤਨਸ਼ੀਲ ਰਹੇਗੀ। ਇਸ ਅਵਸਰ ਤੇ ਬੋਲਦਿਆਂ ਸੰਸਥਾ ਦੇ ਵਿੱਤ ਸਕੱਤਰ ਲੈਕਚਰਾਰ ਤਰਸੇਮ ਪਠਲਾਵਾ,ਉਪ ਚੇਅਰਮੈਨ ਸ੍ਰੀ ਸੰਦੀਪ ਕੁਮਾਰ ਗੌੜ, ਪਰਵਿੰਦਰ ਸਿੰਘ ਰਾਣਾ ਪੋਸ਼ੀ, ਪ੍ਰੈਸ ਸਕੱਤਰ ਸੁਰਿੰਦਰ ਸਿੰਘ ਕਰਮ ਅਤੇ ਸਤੀਸ਼ ਕੁਮਾਰ ਐਮਾਂ ਜਟਾਂ ਨੇ ਇਕ ਸੁਰ ਵਿਚ ਆਖਿਆ ਕਿ ਸੰਸਥਾ ਵਲੋਂ 28 ਵੇਂ ਸਲਾਨਾ ਸਹਾਇਤਾ ਵੰਡ ਸਮਾਗਮ ਨੂੰ ਵਿਧੀਵਤ ਢੰਗ ਨਾਲ ਨੇਪਰੇ ਚਾੜ੍ਹਨ ਲਈ ਅੱਜ ਤੋਂ ਹੀ ਇਸਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਹਨ। ਡੇਰਾ ਬਾਬਾ ਨਾਨਕ ਇਲਾਕੇ ਵਿਚ ਚਲ ਰਹੇ ਸਮਾਜ ਸੇਵੀ ਕਾਰਜਾਂ ਵਾਰੇ ਗੱਲ ਕਰਦਿਆਂ ਸ ਵਾਰੀਆ ਨੇ ਆਖਿਆ ਕਿ ਸੰਸਥਾ ਵਲੋਂ ਅੱਤ ਦੀ ਆਰਥਿਕ ਮੰਦਹਾਲੀ ਤੇ ਚਲਦੇ ਪਰਿਵਾਰਾਂ ਦੇ ਢਹਿਢੇਰੀ ਹੋਏ ਮਕਾਨਾ ਦੇ ਨਿਰਮਾਣ ਲਈ ਵੱਡਾ ਸਹਿਯੋਗ ਕੀਤਾ ਜਾ ਰਿਹਾ ਹੈ। ਉਹਨਾਂ ਅੱਗੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਪਿੰਡ ਸਰਹਾਲਾ ਰਾਣੂੰਆ ਵਿਖੇ ਸੰਸਥਾ ਵਲੋਂ ਖੋਲੇ232 ਵੇਂ ਮੁਫ਼ਤ ਸਿਲਾਈ ਸੈਂਟਰ ਦੀ ਸਮਾਪਤੀ ਤੇ ਸਿਖਿਆਰਥਣਾਂ ਨੂੰ ਸਰਟੀਫਿਕੇਟ ਵੰਡੇ ਜਾਣਗੇ ਅਤੇ ਨਾਲ ਹੀ ਪਿੰਡ ਸੰਧਵਾਂ ਵਿਖੇ 236 ਵਾਂ ਮੁਫ਼ਤ ਸਿਲਾਈ ਸੈਂਟਰ ਖੋਲ੍ਹਿਆ ਜਾਵੇਗਾ। ਇਸ ਤੋਂ ਇਲਾਵਾ ਪਿੰਡ ਪਠਲਾਵਾ ਤੋਂ ਨਿਕਲਣ ਵਾਲੀਆਂ ਵੱਖ ਵੱਖ ਸੜਕਾਂ ਤੇ ਲਗਾਏ ਬੂਟਿਆਂ ਨੂੰ ਡੈਕੋਰੇਟਿਡ ਕਰਨ ਲਈ ਵਾਈਟ ਵਾਸ਼ ਦਾ ਕੰਮ ਵੀ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਹੋਰ ਸਮਾਜ ਸੇਵੀ ਕਾਰਜਾਂ ਨੂੰ ਵੀ ਸੰਸਥਾ ਦੇ ਮਿਸ਼ਨ ਦਾ ਹਿਸਾ ਬਣਾਇਆਂ ਜਾਵੇਗਾ। ਇਸ ਅਵਸਰ ਤੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਸਾਹਿਬ, ਮੁਖੀ ਸੇਹਤ ਸੇਵਾਵਾਂ ਡਾ ਪਰਮਿੰਦਰ ਸਿੰਘ ਵਾਰੀਆ, ਪ੍ਰੈਸ ਸਕੱਤਰ ਜੀ ਚੰਨੀ ਪਠਲਾਵਾ, ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ, ਸੇਵਾ ਸਿੰਘ ਪਠਲਾਵਾ, ਡਾ ਕੁਲਦੀਪ ਰਾਜ ਬੰਗਾ,ਰਾਮਜੀ, ਕਾਕਾ ਜਸਮਨ ਸਿੰਘ,ਇਸਤਰੀ ਵਿੰਗ ਦੇ ਚੇਅਰਪਰਸਨ ਸ੍ਰੀਮਤੀ ਕੁਲਵਿੰਦਰ ਕੌਰ ਵਾਰੀਆ, ਪ੍ਰਧਾਨ ਸ੍ਰੀਮਤੀ ਵਰਿੰਦਰ ਕੌਰ ਵਾਰੀਆ, ਮੈਡਮ ਪ੍ਰਤੀਤ ਕੌਰ ਵਾਰੀਆ, ਮੈਡਮ ਸਰਬਜੀਤ ਕੌਰ ਪਠਲਾਵਾ,ਮੈਡਮ ਬਲਵਿੰਦਰ ਕੌਰ ਪਠਲਾਵਾ,ਸਾਰਿਕਾ ਸੋਨੀ ਸੁਜੋਂ ਅਤੇ ਤਾਰਿਕਾ ਸੋਨੀ ਸੁਜੋਂ ਹਾਜ਼ਰ ਸਨ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ 10 ਪਿੰਡਾਂ ਨੂੰ 3.50 ਕਰੋੜ ਰੁਪਏ ਦੇ ਵਿਕਾਸ ਚੈੱਕਾਂ ਦੀ ਵੰਡ

### ਅਗਲੇ ਇੱਕ ਸਾਲ ਵਿੱਚ ਬਕਾਇਆ ਵਿਕਾਸ ਕੰਮਾਂ ਨੂੰ ਪਹਿਲ ਦੇ ਅਧਾਰ ਉੱਤੇ ਨਿਪਟਾਉਣ ਦਾ ਟੀਚਾ - ਹਰਪਾਲ ਸਿੰਘ ਚੀਮਾ





ਦਿੜ੍ਹਬਾ, 2 ਨਵੰਬਰ ( ਰਣਜੀਤ ਸਿੰਘ ਪੇਧਨੀ )- ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਸ੍ਰ ਹਰਪਾਲ ਸਿੰਘ ਚੀਮਾ ਨੇ ਅੱਜ ਵਿਧਾਨ ਸਭਾ ਹਲਕਾ ਦਿੜ੍ਹਬਾ ਦੇ 10 ਪਿੰਡਾਂ ਦਾ ਦੌਰਾ ਕੀਤਾ ਅਤੇ ਵੱਖ ਵੱਖ ਵਿਕਾਸ ਕਾਰਜਾਂ ਲਈ 3.50 ਕਰੋੜ ਰੁਪਏ ਦੇ ਵਿਕਾਸ ਚੈੱਕ ਵੰਡੇ। ਇਸ ਮੌਕੇ ਉਹਨਾਂ ਨਾਲ ਤਪਿੰਦਰ ਸਿੰਘ ਸੋਹੀ ਓ ਐਸ ਡੀ, ਕਈ ਪ੍ਰਮੁੱਖ ਸਖਸ਼ੀਅਤਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ। ਇਸ ਮੌਕੇ ਵੱਖ ਵੱਖ ਪਿੰਡਾਂ ਵਿੱਚ ਰੱਖੇ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਸ੍ਰ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਅੱਜ ਪਿੰਡ ਕਾਹਨਗੜ੍ਹ, ਗੁੱਜਰਾਂ, ਖਨਾਲ ਖ਼ੁਰਦ, ਸਫੀਪੁਰ ਕਲਾਂ, ਸਮੂਰਾਂ, ਧਰਮਗੜ੍ਹ ਛੰਨਾ, ਕਮਾਲਪੁਰ, ਮੁਨਸ਼ੀਵਾਲਾ, ਲਾਡਬੰਜਾਰਾ ਕਲਾਂ ਅਤੇ ਹਰੀਗੜ੍ਹ ਨੂੰ 3.50 ਕਰੋੜ ਰੁਪਏ ਦੇ ਚੈੱਕ ਵੰਡੇ ਗਏ ਹਨ। ਇਹਨਾਂ ਸਾਰੇ ਪਿੰਡਾਂ ਵਿੱਚ ਕੈਬਨਿਟ ਮੰਤਰੀ ਨੇ ਖੁਦ ਜਾ ਕੇ ਚੈੱਕ ਵੰਡੇ। ਇਸ ਰਾਸ਼ੀ ਨਾਲ ਪਿੰਡ ਵਾਸੀਆਂ ਦੀ ਮੰਗ ਅਨੁਸਾਰ ਗਲੀਆਂ, ਨਾਲੀਆਂ, ਕੈਮਰੇ, ਲਾਈਟਾਂ ਅਤੇ ਸ਼ੈੱਡ ਬਣਵਾਉਣ ਦੇ ਕੰਮ ਕਰਵਾਏ ਜਾਣਗੇ। ਉਹਨਾਂ ਕਿਹਾ ਕਿ ਇਹ ਸਾਰੇ ਵਿਕਾਸ ਕਾਰਜ ਤੈਅ ਸਮਾਂ ਸੀਮਾ ਵਿੱਚ ਜਲਦ ਤੋਂ ਜਲਦ ਮੁਕੰਮਲ ਕਰਵਾਏ ਜਾਣਗੇ ਤਾਂ ਜੋ ਲੋਕ ਇਹਨਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣ। ਉਹਨਾਂ ਕਿਹਾ ਕਿ ਹਲਕਾ ਦਿੜ੍ਹਬਾ ਦੇ ਲੋਕਾਂ ਨੇ ਉਹਨਾਂ ਨੂੰ ਬਹੁਤ ਹੀ ਸ਼ਾਨਦਾਰ ਜਿੱਤ ਦਿਵਾ ਕੇ ਵਿਧਾਨ ਸਭਾ ਵਿੱਚ ਭੇਜਿਆ ਸੀ, ਉਹਨਾਂ ਦੀ ਬਦੌਲਤ ਹੀ ਉਹ ਅੱਜ ਸਭ ਤੋਂ ਅਹਿਮ ਵਿੱਤ ਵਿਭਾਗ ਦੇ ਕੈਬਨਿਟ ਮੰਤਰੀ ਹਨ। ਲੋਕਾਂ ਦੇ ਇਸ ਅਹਿਸਾਨ ਦਾ ਉਹ ਕਦੇ ਮੁੱਲ ਨਹੀਂ ਮੋੜ ਸਕਦੇ। ਉਹਨਾਂ ਕਿਹਾ ਕਿ ਉਹਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਹਰੇਕ ਦੁੱਖ ਸੁੱਖ ਵਿੱਚ ਨਿੱਜੀ ਤੌਰ ਉੱਤੇ ਸ਼ਰੀਕ ਹੋਣ ਦੇ ਨਾਲ ਨਾਲ ਵਿਕਾਸ ਕਾਰਜਾਂ ਦੇ ਚੈੱਕ ਵੀ ਪਿੰਡ ਵਾਸੀਆਂ ਨੂੰ ਉਹਨਾਂ ਦੇ ਪਿੰਡ ਜਾ ਕੇ ਦਿੱਤੇ ਜਾਣ। ਉਹਨਾਂ ਕਿਹਾ ਕਿ ਅਗਲੇ ਇੱਕ ਸਾਲ ਵਿੱਚ ਹਲਕਾ ਦਿੜ੍ਹਬਾ ਵਿੱਚ ਬਕਾਇਆ ਵਿਕਾਸ ਕੰਮਾਂ ਨੂੰ ਪਹਿਲ ਦੇ ਅਧਾਰ ਉੱਤੇ ਨਿਪਟਾਉਣ ਦਾ ਟੀਚਾ ਹੈ। ਉਹਨਾਂ ਪਿੰਡ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਦਿੱਤੇ ਪੈਸੇ ਨੂੰ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਖਰਚਣ, ਕਿਉਂਕਿ ਇਸ ਨਾਲ ਲੋਕ ਤੁਹਾਨੂੰ ਜਿੱਥੇ ਮਾਣ ਸਤਿਕਾਰ ਦੇਣਗੇ ਉਥੇ ਹੀ ਉਹ ਤੁਹਾਨੂੰ ਪਿਆਰ ਵੀ ਕਰਨਗੇ। ਉਹਨਾਂ ਭਰੋਸਾ ਦਿੱਤਾ ਕਿ ਦਿੜ੍ਹਬਾ ਹਲਕੇ ਦੀਆਂ ਰਹਿੰਦੀਆਂ ਸੜਕਾਂ ਦਾ ਕੰਮ ਮਾਰਚ 2026 ਤੱਕ ਮੁਕੰਮਲ ਕਰਵਾ ਲਿਆ ਜਾਵੇਗਾ। ਪੱਤਰਕਾਰਾਂ ਵੱਲੋਂ ਪੁੱਛੇ ਜਾਣ ਉੱਤੇ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਪੁਖ਼ਤਾ ਪ੍ਰਬੰਧਾਂ ਦੇ ਚੱਲਦਿਆਂ ਕਿਸਾਨਾਂ ਨੂੰ ਮੰਡੀਆਂ ਵਿੱਚ ਝੋਨਾ ਵੇਚਣ ਲਈ ਕੋਈ ਸਮੱਸਿਆ ਨਹੀਂ ਪੇਸ਼ ਆ ਰਹੀ ਹੈ। ਫਸਲ ਦੀ ਲਿਫਟਿੰਗ ਅਤੇ ਅਦਾਇਗੀ ਵੀ ਨਾਲੋਂ ਨਾਲ ਹੋ ਰਹੀ ਹੈ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਸਾਹਿਬਾਨ ਦਾ ਸੰਦੇਸ਼ ਮੰਨਣ ਅਤੇ ਰਹਿੰਦ ਖੂਹੰਦ ਨੂੰ ਅੱਗ ਨਾ ਲਾਉਣ। ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਮੁਹਈਆ ਕਰਵਾਈ ਖੇਤੀ ਮਸ਼ੀਨਰੀ ਦੀ ਵਰਤੋਂ ਕਰਨੀ ਚਾਹੀਦੀ ਹੈ।

# ਇਤਿਹਾਸਕ ਕਸਬਾ ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਸਾਲਾਨਾ ਖੇਡ ਦਿਵਸ ਮਨਾਇਆ ਗਿਆ

### ਖੋ-ਖੋ, ਕਬੱਡੀ, ਦੌੜਾਂ,ਬੋਰੀ ਰੇਸ, ਨਿੰਬੂ ਚਮਚ ਰੇਸ, ਕੈਰਮ ਬੋਰਡ, ਸ਼ਤਰੰਜ, ਲੁਡੋ ਆਦਿਖੇਡ ਮੁਕਾਬਲੇ ਕਰਵਾਏ





ਹਠੂਰ, ਜਗਰਾਉਂ, 2 ਨਵੰਬਰ (ਵਰਿਆਮ ਹਠੂਰ)-ਇਤਿਹਾਸਕ ਕਸਬਾ ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਹੈੱਡ ਟੀਚਰ ਮੈਡਮ ਸੀਮਾ ਰਾਣੀ ਦੀ ਦੇਖ ਰੇਖ ਹੇਠ ਸਲਾਨਾ ਖੇਡ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਕੂਲ ਦੇ ਬੱਚਿਆਂ ਨੇ ਬੜੇ ਹੀ ਉਤਸ਼ਾਹ ਨਾਲ ਹਿੱਸਾ ਲਿਆ, ਵੱਖ ਵੱਖ ਕਲਾਸਾਂ ਦੇ ਬੱਚਿਆਂ ਵਿਚਕਾਰ ਖੋ-ਖੋ ਕਬੱਡੀ, ਦੌੜਾਂ, ਬੋਰੀ ਰੇਸ, ਨਿੰਬੂ ਚਮਚ ਰੇਸ, ਕੈਰਮ ਬੋਰਡ, ਸ਼ਤਰੰਜ, ਲੁੱਡੋ, ਆਦਿ ਖੇਡ ਮੁਕਾਬਲੇ ਕਰਵਾਏ ਗਏ, ਬੱਚਿਆਂ ਨੇ ਖੇਡਾਂ ਵਿੱਚ ਆਪਣੀ ਮਿਹਨਤ ਅਤੇ ਲਗਨ ਨਾਲ ਪੁਜੀਸ਼ਨਾਂ ਹਾਸਲ ਕੀਤੀਆਂ ਇਸ ਤੋਂ ਇਲਾਵਾ ਬੱਚਿਆਂ ਦੇ ਮਾਪਿਆਂ ਵਿਚਕਾਰ ਵੀ ਖੇਡਾਂ ਕਰਵਾਈਆਂ ਗਈਆਂ, ਖੇਡਾਂ ਵਿੱਚ ਜੇਤੂ ਰਹਿਣ ਵਾਲੇ ਬੱਚਿਆਂ ਨੂੰ ਕ੍ਰਮਵਾਰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ, ਬੱਚਿਆਂ ਦਾ ਹੌਂਸਲਾ ਅਫਜ਼ਾਈ ਕਰਨ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਨਗਰ ਦੇ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਪੰਚ ਰਣਯੋਧ ਸਿੰਘ, ਇੰਦਰਜੀਤ ਸਿੰਘ ਕਾਲਾ ਪੁੱਜੇ ਤੇ ਜੇਤੂ ਬੱਚਿਆਂ ਨੂੰ ਥਾਪੜਾ ਦਿੰਦਿਆਂ ਅੱਗੇ ਵਾਸਤੇ ਵੀ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕਰਕੇ ਅੱਗੇ ਆਉਣ ਲਈ ਪ੍ਰੇਰਿਤ ਕੀਤਾ, ਇਸ ਮੌਕੇ ਗੱਲਬਾਤ ਕਰਦਿਆਂ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਕਿਹਾ ਕਿ ਸਾਡੇ ਸਕੂਲ ਵਿੱਚ ਬੱਚਿਆਂ ਨੂੰ ਸਾਡੇ ਸਕੂਲ ਦਾ ਮਿਹਨਤੀ ਸਟਾਫ ਜਿੱਥੇ ਚੰਗੀ ਵਿੱਦਿਆ ਹਾਸਲ ਕਰਵਾਉਣ ਲਈ ਸਖ਼ਤ ਮਿਹਨਤ ਕਰਦਾ ਹੈ।ਉੱਥੇ ਬੱਚਿਆਂ ਨੂੰ ਸਭਿਆਚਾਰਕ ਗਤੀਵਿਧੀਆਂ, ਖੇਡਾਂ, ਅਤੇ ਹੋਰ ਸਮੇਂ ਸਮੇਂ ਨਾਲ ਸਕੂਲ ਵਿੱਚ ਕਰਵਾਏ ਜਾਣ ਵਾਲੇ ਮੁਕਾਬਲਿਆਂ ਲਈ ਵੀ ਤਿਆਰ ਕਰਦਾ ਹੈ। ਸਕੂਲ ਵਿੱਚ ਬੱਚਿਆਂ ਤੋਂ ਕਿਸੇ ਵੀ ਕਿਸਮ ਦੀ ਫੀਸ ਨਹੀਂ ਲਈ ਜਾਂਦੀ ਸਗੋਂ ਬੱਚਿਆਂ ਨੂੰ ਮੁਫ਼ਤ ਵਿੱਦਿਆ ਹਾਸਲ ਕਰਵਾਉਣ ਦੇ ਨਾਲ ਨਾਲ, ਬੱਚਿਆਂ ਨੂੰ ਵਰਦੀਆਂ, ਬੂਟ , ਕਿਤਾਬਾਂ, ਕਾਪੀਆਂ, ਅਤੇ ਹੋਰ ਸਟੇਸ਼ਨਰੀ ਦਾ ਸਮਾਨ ਵੀ ਮੁਫ਼ਤ ਦਿੱਤਾ ਜਾਂਦਾ ਹੈ। ਇਸ ਮੌਕੇ ਹੈੱਡ ਟੀਚਰ ਮੈਡਮ ਸੀਮਾ ਰਾਣੀ, ਮੈਡਮ ਮੋਨਿਕਾ ਜੈਨ, ਮਨਪ੍ਰੀਤ ਕੌਰ, ਅਨੁ ਰਾਣੀ, ਗੁਰਪ੍ਰੀਤ ਕੌਰ, ਜਸਪ੍ਰੀਤ ਕੌਰ, ਗੁਰਜੀਤ ਕੌਰ, ਸੁਮਨਦੀਪ ਕੌਰ, ਰਾਜਦੀਪ ਕੌਰ, ਪ੍ਰੀਤ ਸਿੰਘ, ਅਤੇ ਮੁੱਖ ਮਹਿਮਾਨ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ, ਕਬੱਡੀ ਕੋਚ ਜਗਰੂਪ ਸਿੰਘ ਰੂਪਾ , ਸ਼ਹੀਦ ਬਾਬਾ ਜੀਵਨ ਸਿੰਘ ਕਮੇਟੀ ਦੇ ਪ੍ਰਧਾਨ ਇੰਦਰ ਜੀਤ ਸਿੰਘ, ਪੰਚਾਇਤ ਮੈਂਬਰ ਰਣਯੋਧ ਸਿੰਘ, ਬੱਚਿਆਂ ਦੇ ਮਾਪੇ ਆਦਿ ਵੀ ਹਾਜਰ ਸਨ।

# ਕਾਂਗਰਸ ਨੂੰ ਵੱਡਾ ਝਟਕਾ: ਸਾਬਕਾ ਕਾਂਗਰਸੀ ਸਰਪੰਚ ਵੱਲੋਂ ਸਾਥੀਆਂ ਸਮੇਤ ਅਕਾਲੀ ਦਲ ਵਾਰਿਸ ਪੰਜਾਬ ਦੇ ਨੂੰ ਸਮਰਥਨ ਦਾ ਐਲਾਨ



ਤਰਨਤਾਰਨ, 2 ਨਵੰਬਰ (ਆਵਾਜ਼ਿ ਕੌਮ ਬਿਊਰੋ)- ਪੰਜਾਬ ਦੀ ਰਾਜਨੀਤੀ 'ਚ ਅੱਜ ਇੱਕ ਵੱਡਾ ਮੋੜ ਉਸ ਵੇਲੇ ਆਇਆ ਜਦੋਂ ਭਾਈ ਭੁਪਿੰਦਰ ਸਿੰਘ ਗੱਦਲੀ ( ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ 'ਤੇ ਸੁਖਦੇਵ ਸਿੰਘ ਸੁੱਖਾ ) ਅਤੇ ਜੋਨ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਪੱਧਰੀ ਜੀ ਦੇ ਉਪਰਾਲੇ ਸਦਕਾ ਪਿੰਡ ਕਸੇਲ ਦੇ ਸਾਬਕਾ ਕਾਂਗਰਸੀ ਸਰਪੰਚ ਸ੍ਰ ਗੁਰਬਚਨ ਸਿੰਘ ਨੇ ਆਪਣੇ ਦਰਜਨਾਂ ਸਾਥੀਆਂ ਸਮੇਤ ਕਾਂਗਰਸ ਛੱਡ ਕੇ "ਅਕਾਲੀ ਦਲ ਵਾਰਿਸ ਪੰਜਾਬ ਦੇ" ਅਤੇ ਸਾਂਝੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਖ਼ਾਲਸਾ ਨੂੰ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਚਾਹੇ ਕਾਂਗਰਸ ਹੋਵੇ, ਬੀ ਜੇ ਪੀ ਹੋਵੇ, ਬਾਦਲ ਦਲ ਹੋਵੇ ਜਾਂ ਆਮ ਆਦਮੀ ਪਾਰਟੀ ਸਭ ਨੇ ਕੇਵਲ ਝੂਠੇ ਵਾਅਦੇ ਕੀਤੇ ਤੇ ਪੰਜਾਬ ਨੂੰ ਬਰਬਾਦੀ ਦੇ ਰਾਹ ਤੇ ਲੈ ਗਈਆਂ। ਸਰਪੰਚ ਗੁਰਬਚਨ ਸਿੰਘ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਨੇ ਖਾ ਲਿਆ, ਕਿਸਾਨ ਕਰਜ਼ੇ ਤਹਿਤ ਆਤਮਹੱਤਿਆਵਾਂ ਕਰਨ 'ਤੇ ਮਜਬੂਰ ਹੋਏ, ਤੇ ਪਿੰਡਾਂ ਦੀ ਤਰੱਕੀ ਦੀਆਂ ਗੱਲਾਂ ਸਿਰਫ਼ ਕਾਗਜ਼ਾਂ 'ਤੇ ਰਹਿ ਗਈਆਂ। ਆਮ ਆਦਮੀ ਪਾਰਟੀ ਨੇ "ਬਦਲਾਅ" ਦੇ ਨਾਅਰੇ ਹੇਠ ਲੋਕਾਂ ਨਾਲ ਜੋ ਖੇਡ ਖੇਡੀ ਹੈ, ਉਸ ਨਾਲ ਲੋਕਾਂ ਦਾ ਭਰੋਸਾ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਲੋਕ ਸੱਚੀ ਪੰਥਕ ਤੇ ਇਮਾਨਦਾਰ ਆਵਾਜ਼ ਨੂੰ ਮਜ਼ਬੂਤ ਕਰਨ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਵਿਜ਼ਨ ਵਾਲੀ ਪਾਰਟੀ "ਅਕਾਲੀ ਦਲ ਵਾਰਿਸ ਪੰਜਾਬ ਦੇ" ਨੂੰ। ਉਨ੍ਹਾਂ ਨੇ ਵਿਸ਼ਵਾਸ ਜ਼ਾਹਿਰ ਕੀਤਾ ਕਿ ਤਰਨਤਾਰਨ ਹਲਕੇ 'ਚ ਆਉਣ ਵਾਲੀਆਂ ਚੋਣਾਂ 'ਚ ਕਾਂਗਰਸ, ਬੀ ਜੇ ਪੀ, ਬਾਦਲ ਦਲ ਤੇ ਆਮ ਆਦਮੀ ਪਾਰਟੀ ਤਿੰਨਾਂ ਦੀਆਂ ਜਮਾਨਤਾਂ ਜ਼ਬਤ ਹੋਣਗੀਆਂ। ਇਸ ਮੌਕੇ ਨਾਲ ਗਏ ਟੀਮ ਮੈਂਬਰਾਂ ਵਿੱਚ ਭਾਈ ਭੁਪਿੰਦਰ ਸਿੰਘ ਗੱਦਲੀ ਅਤੇ ਭਾਈ ਸ਼ਮਸ਼ੇਰ ਸਿੰਘ ਪੱਧਰੀ ਤੋਂ ਇਲਾਵਾ ਭਾਈ ਦਇਆ, ਭਾਈ ਸੁਖਬੀਰ ਸਿੰਘ ਚੀਮਾਂ, ਭਾਈ ਮਹਿੰਦਰਪਾਲ ਸਿੰਘ ਤੁੰਗ, ਭਾਈ ਭੁਪਿੰਦਰ ਸਿੰਘ ਪਟਿਆਲਾ, ਬਾਬਾ ਕੰਵਲਜੀਤ ਸਿੰਘ ਗੁਰੂ ਕਾ ਬੇਟਾ, ਭਾਈ ਰਣਜੀਤ ਸਿੰਘ ਕਸੇਲ, ਭਾਈ ਗੁਰਦੀਪ ਸਿੰਘ ਮਰਦਾਂਪੁਰ, ਭਾਈ ਚਰਨਜੀਤ ਸਿੰਘ ਗਾਲਿਬ, ਭਾਈ ਜਗਤਾਰ ਸਿੰਘ ਮਰਦਾਂਪੁਰ ਅਤੇ ਭਾਈ ਦਿਲਬਾਗ ਸਿੰਘ ਇਕੱਠੇ ਪਾਰਟੀ ਵਰਕਰਾਂ ਨੇ ਨਵੇਂ ਸ਼ਾਮਲ ਹੋਏ ਸਾਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਝੂਠੇ ਵਾਅਦਿਆਂ ਨਹੀਂ, ਸੱਚੀ ਸਿੱਖ ਸਿਆਸਤ ਦੀ ਮੰਗ ਕਰ ਰਹੀ ਹੈ, ਸੋ ਪੰਜਾਬ ਦੇ ਲੋਕਾਂ ਨੇ ਅਤੇ ਹਲਕਾ ਤਰਨਤਾਰਨ ਦੇ ਵੋਟਰਾਂ ਨੇ ਭਾਈ ਸੰਦੀਪ ਸਿੰਘ ਦੇ ਵੱਡੇ ਭਰਾਤਾ ਭਾਈ ਮਨਦੀਪ ਸਿੰਘ ਖ਼ਾਲਸਾ ਦੇ ਹੱਕ ਵਿੱਚ ਫ਼ਤਵਾ ਦੇਣ ਦਾ ਪੱਕਾ ਮਨ ਬਣਾ ਲਿਆ ਹੈ।

# ਇੱਕ ਨਜ਼ਰ...






## ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਪਾਤਸ਼ਾਹ ਜੀ ਦਾ ਆਗਮਨ ਨੂੰ ਸਮਰਪਿਤ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ

### ਭਾਰੀ ਗਿਣਤੀ ਵਿਚ ਇਲਾਕੇ ਭਰ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ

ਫਿਰੋਜ਼ਪੁਰ, 2 ਨਵੰਬਰ (ਮਨੋਹਰ ਲਾਲ): ਪਿੰਡ ਮਾਛੀਵਾੜਾ ਦੀਆਂ ਸਮੂਹ ਸੰਗਤਾਂ ਨੇ ਤੀਸਰੀ ਵਾਲ ਚੌਥੀ ਪਾਤਸ਼ਾਹੀ ਧੰਨ ਧੰਨ ਸ਼੍ਰੀ ਗੁਰੂ ਰਾਮ ਦਾਸ ਪਾਤਸ਼ਾਹ ਜੀ ਦਾ ਤਿੰਨ ਦਿਨਾਂ ਆਗਮਨ ਨੂੰ ਸਮਰਪਿਤ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਪਿੰਡ ਮਾਛੀਵਾੜਾ ਨੇੜੇ ਜੋਸਨ ਪੈਟਰੋਲ ਪੰਪ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਸਭ ਤੋਂ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਭੋਗ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ ਜਥਿਆਂ ਨੇ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ ਜੀਵਨ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਇਸੇ ਤਰ੍ਹਾਂ ਪਹਿਲੇ ਦਿਨ ਦੀ ਹਾਜ਼ਰੀ ਭਾਈ ਸੁਖਦੇਵ ਸਿੰਘ ਆਜਾਦ ਅਤੇ ਢਾਡੀ ਜਥਾ ਭਾਈ ਬੋਹੜ ਸਿੰਘ ਬਾਰ ਕੇ ਨੇ ਰਾਤ ਦੇ ਦੀਵਾਨਾਂ ਵਿਚ ਹਾਜ਼ਰੀ ਭਰੀ ਅਤੇ ਦੂਸਰੇ ਦਿਨ ਇਕ ਨਵੰਬਰ ਦੇ ਰਾਤ ਦੇ ਦੀਵਾਨਾਂ ਦੀ ਹਾਜ਼ਰੀ ਭਾਰੀ ਮਹਿਤਾਬ ਸਿੰਘ ਅਟਾਰੀ ਅਤੇ ਢਾਡੀ ਜਥਾ ਭਾਈ ਗੁਰਪ੍ਰਤਾਪ ਸਿੰਘ ਪਦਮ ਨੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਤਰ੍ਹਾਂ ਤੀਸਰੇ ਦਿਨ ਸਮਾਗਮਾਂ ਵਿਚ ਭਾਈ ਨਿਰਭੈ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਢਾਡੀ ਜਥਾ ਭਾਈ ਗੁਰਪ੍ਰਤਾਪ ਸਿੰਘ ਪਦਮ ਨੇ ਚੌਥੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਇਸ ਮੌਕੇ ਢਾਡੀ ਜਥਾ ਭਾਈ ਗੁਰਪ੍ਰਤਾਪ ਸਿੰਘ ਪਦਮ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਮਾਤਾ ਜਿੰਦਾ ਅਤੇ ਭਾਈ ਦਲੀਪ ਸਿੰਘ ਜੀ ਦਾ ਇਤਿਹਾਸ ਸੁਣਾ ਕੇ ਨਿਹਾਲ ਕੀਤਾ, ਜਿਸ ਨੂੰ ਸੁਣ ਕੇ ਸੰਗਤਾਂ ਵਾਹ ਵਾਹ ਕਾਰ ਉੱਠੀਆਂ। ਇਸ ਮੌਕੇ 'ਤੇ ਪਿੰਡ ਮਾਛੀਵਾੜਾ ਦੀ ਪ੍ਰਬੰਧਕ ਕਮੇਟੀ ਨੇ ਇਸ ਸਮਾਗਮ ਨੂੰ ਕਾਮਯਾਬ ਬਨਾਉਣ ਲਈ ਰਾਤ ਦਿਨ ਇਕ ਮਹੀਨਾ ਸੇਵਾ ਕੀਤੀ ਅਤੇ ਸੰਗਤਾਂ ਦੀ ਹੱਥੀ ਸੇਵਾ ਕੀਤੀ। ਇਸ ਮੌਕੇ 'ਤੇ ਸਟੇਜ ਦੀ ਸੇਵਾ ਭਾਈ ਬਲਵਿੰਦਰ ਸਿੰਘ ਖਾਲਸਾ ਸਿੱਖ ਮਿਸ਼ਨਰੀ ਪ੍ਰਚਾਰਕ ਨੇ ਤਿੰਨ ਦਿਨ ਲਗਾਤਾਰ ਸੇਵਾ ਬੜੇ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ 'ਤੇ ਗੁਰੂ ਕਾ ਲੰਗਰ ਚਾਹ ਪਕੌੜਿਆ ਦਾ ਲੰਗਰ ਅਤੇ ਮਿਠਾਈਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ।

### ਗੁਰਦੁਆਰਾ ਠਾਠ ਨਾਨਕਸਰ ਝਰੌਲੀ ਖੁਰਦ ਸ਼ਾਹਬਾਦ ਮਾਰਕੰਡਾ ਹਰਿਆਣਾ ਵਿਖੇ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਤੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਦੇ ਜਨਮ ਦਿਹਾੜੇ ਦੀ ਯਾਦ ਵਿਚ ਸਲਾਨਾ ਮਹਾਨ ਜਪ, ਤਪ ਸਮਾਗਮ 11 ਨਵੰਬਰ ਨੂੰ: ਸੰਤ ਬਾਬਾ ਸੁੱਚਾ ਸਿੰਘ ਜੀ

ਫਿਰੋਜ਼ਪੁਰ, 2 ਨਵੰਬਰ (ਮਨੋਹਰ ਲਾਲ): ਗੁਰਦੁਆਰਾ ਠਾਠ ਨਾਨਕਸਰ ਝਰੌਲੀ ਖੁਰਦ ਸ਼ਾਹਬਾਦ ਮਾਰਕੰਡਾ ਹਰਿਆਣਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਤੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਦੇ ਜਨਮ ਦਿਹਾੜੇ ਦੀ ਯਾਦ ਵਿਚ ਸਲਾਨਾ ਮਹਾਨ ਜਪ, ਤਪ ਸਮਾਗਮ 11 ਨਵੰਬਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ




ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਅਤੇ ਗੁਰਦੁਆਰਾ ਠਾਠ ਨਾਨਕਸਰ ਝਰੌਲੀ ਖੁਰਦ ਸ਼ਾਹਬਾਦ ਮਾਰਕੰਡਾ ਹਰਿਆਣਾ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਤੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਦੇ ਜਨਮ ਦਿਹਾੜੇ ਦੀ ਯਾਦ ਵਿਚ ਸਾਲਾਨਾ ਮਹਾਨ ਜਪ, ਤਪ ਸਮਾਗਮ 11 ਨਵੰਬਰ 2025 ਦਿਨ ਮੰਗਲਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ। ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਜਿਸ ਵਿਚ ਸਿੱਖ ਪੰਥ ਦੇ ਮਹਾਨ ਰਾਗੀ, ਢਾਡੀ, ਕਥਾ ਵਾਚਕ ਜਣਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਇਹ ਸਮਾਗਮ 10 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲੇਗਾ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਸਮੂਹ ਪੰਜਾਬ ਭਰ ਦੀਆਂ ਸੰਗਤਾਂ ਹਰਿਆਣੇ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਪਹੁੰਚ ਕੇ ਆਏ ਹੋਏ ਮਹਾਂ ਪੁਰਸ਼ਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਉ। ਇਸ ਮੌਕੇ 'ਤੇ ਗੁਰੂ ਦਾ ਲੰਗਰ ਮਿਠਾਈਆਂ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਅਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਖ਼ਾਲਸਾਈ ਜਾਹੋ-ਜਲਾਲ ਨਾਲ ਅਗਲੇ ਪੜਾਅ ਲਈ ਹੋਇਆ ਰਵਾਨਾ








ਤਲਵੰਡੀ ਸਾਬੋ, 2 ਨਵੰਬਰ (ਗੁਰਜੰਟ ਸਿੰਘ ਨਥੇਹਾ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਖ਼ਾਲਸਈ ਜਾਹੋ ਜਲਾਲ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਆਪਣੇ ਅਗਲੇ ਪੜਾਅ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਲਈ ਰਵਾਨਾ ਹੋਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਨੇ ਪੰਜ ਪਿਆਰੇ ਸਾਹਿਬਾਨ ਅਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਦਿੱਤੇ। ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਜੇ ਧਾਰਮਿਕ ਦੀਵਾਨ 'ਚ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਉਹ ਪਾਵਨ ਅਸਥਾਨ ਹੈ, ਜਿਥੇ ਦਸਵੇਂ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕੀਤੀ ਸੀ। ਉਨ੍ਹਾਂ ਸੰਗਤਾਂ ਨੂੰ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਸ਼ਤਾਬਦੀ ਮੌਕੇ ਪਾਵਨ ਗੁਰਬਾਣੀ ਨੂੰ ਜੀਵਨ ਵਿਚ ਧਾਰਨ ਦੀ ਪ੍ਰੇਰਣਾ ਕੀਤੀ ਅਤੇ 21 ਨਵੰਬਰ ਤੋਂ 29 ਨਵੰਬਰ 2025 ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸ਼ਤਾਬਦੀ ਸਮਾਗਮਾਂ 'ਚ ਸ਼ਿਰਕਤ ਕਰਨ ਦਾ ਸੱਦਾ ਵੀ ਦਿੱਤਾ।

ਇਸੇ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਨਗਰ ਕੀਰਤਨ ਪ੍ਰਤੀ ਸੰਗਤਾਂ ਦੇ ਉਤਸ਼ਾਹ ਦੀ ਪ੍ਰਸ਼ੰਸਾ ਕੀਤੀ। ਨਗਰ ਕੀਰਤਨ ਦੌਰਾਨ ਵੱਖ-ਵੱਖ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੇ ਵੀ ਭਰਵੀਂ ਸ਼ਮੂਲੀਅਤ ਕੀਤੀ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਸਲਾਮੀ ਦੇ ਸਤਿਕਾਰ ਭੇਟ ਕੀਤਾ ਗਿਆ। ਨਗਰ ਕੀਰਤਨ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ. ਬਲਵਿੰਦਰ ਸਿੰਘ ਭੂੰਦੜ, ਸ. ਸਿਕੰਦਰ ਸਿੰਘ ਮਲੂਕਾ, ਸ਼੍ਰੋਮਣੀ ਕਮੇਟੀ ਮੈਂਬਰ ਸ. ਮੋਹਨ ਸਿੰਘ ਬੰਗੀ, ਸ. ਸੁਰਜੀਤ ਸਿੰਘ ਰਾਏਪੁਰ, ਬਾਬਾ ਬੂਟਾ ਸਿੰਘ ਗੁੜਥੜੀ, ਸ. ਜਗਸੀਰ ਸਿੰਘ ਮਾਂਗੇਆਣਾ, ਸ. ਅਮਰੀਕ ਸਿੰਘ ਕੋਟਸ਼ਮੀਰ, ਸ. ਅਵਤਾਰ ਸਿੰਘ ਵਣਵਾਲਾ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਬੀਬੀ ਜੋਗਿੰਦਰ ਕੌਰ, ਹੈੱਡ ਗ੍ਰੰਥੀ ਭਾਈ ਗੁਰਜੰਟ ਸਿੰਘ, ਬਾਬਾ ਦਲੇਰ ਸਿੰਘ ਮੁੱਖ ਸੇਵਾਦਾਰ ਬੁੱਢਾ ਦਲ ਤਲਵੰਡੀ ਸਾਬੋ, ਸ. ਰਵੀਪ੍ਰੀਤ ਸਿੰਘ ਸਿੱਧੂ ਹਲਕਾ ਇੰਚਾਰਜ ਤਲਵੰਡੀ ਸਾਬੋ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਪ੍ਰੀਤਪਾਲ ਸਿੰਘ, ਇੰਚਾਰਜ ਸ. ਬਲਜੀਤ ਸਿੰਘ, ਮੀਤ ਮੈਨੇਜਰ ਸ. ਕੁਲਵੰਤ ਸਿੰਘ, ਇੰਚਾਰਜ ਸ. ਭੋਲਾ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਪ੍ਰਿੰਸੀਪਲ ਰਵਿੰਦਰ ਸਿੰਘ, ਮੈਨੇਜਰ ਸ. ਨਰਿੰਦਰਜੀਤ ਸਿੰਘ, ਸ. ਸੁਰਜੀਤ ਸਿੰਘ, ਸ. ਨਿਰਮਲ ਸਿੰਘ, ਸ. ਹਰਭਗਵਾਨ ਸਿੰਘ, ਸ. ਬਲਕਾਰ ਸਿੰਘ, ਸ. ਜਗਮੀਤ ਸਿੰਘ, ਸ. ਰਾਜਪਾਲ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

# ਇੱਕ ਨਜ਼ਰ ...



## ਸਟਰੀਮ ਲਾਈਨ ਵੈਲਫੇਅਰ ਸੋਸਾਇਟੀ ਫਿਰੋਜ਼ਪੁਰ ਵੱਲੋਂ ਕੀਤੀ ਗਈ ਮੀਟਿੰਗ

ਫਿਰੋਜ਼ਪੁਰ 2 ਨਵੰਬਰ (ਮਨੋਹਰ ਲਾਲ): ਸਮਾਜ ਸੇਵੀ ਸੰਸਥਾ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਫਿਰੋਜ਼ਪੁਰ ਦੀ ਮੀਟਿਗ ਦੀਵਾਨ ਚੰਦ ਸਖੀਜਾ ਚੇਅਰਮੈਨ ਦੀ ਪ੍ਰਧਾਨਗੀ ਹੇਠ ਬਲਾਇੰਡ ਹੋਮ ਨੇੜੇ ਮੱਖੂ ਗੇਟ ਫਿਰੋਜ਼ਪੁਰ ਵਿਖੇ ਹੋਈ। ਮੀਟਿੰਗ ਵਿਚ ਸੁਸਾਇਟੀ ਵੱਲੋਂ ਕੀਤੇ ਪਿਛਲੇ ਕੰਮਾਂ ਦਾ ਰਿਵਿਊ ਕੀਤਾ ਗਿਆ ਅਤੇ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਸਮਾਜ ਸੇਵੀ ਕੰਮਾਂ ਤੇ ਵਿਚਾਰ ਵਟਾਂਦਰਾ ਕੀਤਾ।ਮੀਟਿੰਗ ਵਿਚ ਸੋਸਾਇਟੀ ਮੈਂਬਰਾਂ ਨੇ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਕਿ 14 ਨਵੰਬਰ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਤੇ ਬਾਲ ਦਿਵਸ ਮਨਾਇਆ ਜਾਵੇਗਾ। ਇਸ ਸਮੇਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਬਾਲ ਦਿਵਸ ਤੇ ਡੇਂਗੂ, ਮਲੇਰੀਆ ਬਿਮਾਰੀਆਂ ਦੇ ਬਚਾ ਲਈ ਚਾਨਣਾ ਵੀ ਪਾਇਆ ਜਾਵੇਗਾ। ਮੀਟਿੰਗ ਵਿਚ ਕਿਸ਼ਨ ਚੰਦ ਜਾਗੋਵਾਲੀਆ ਪ੍ਰਧਾਨ, ਪ੍ਰਵੀਨ ਕੁਮਾਰ ਧਵਨ ਜਨਰਲ ਸਕੱਤਰ, ਦੇਸ਼ ਰਾਜ ਸ਼ਰਮਾ ਮੀਤ ਪ੍ਰਧਾਨ, ਪੁਸ਼ਪ ਲਤਾ ਜਾਇੰਟ ਸਕੱਤਰ, ਡਾਕਟਰ ਰਜਿੰਦਰ ਗਿਰਧਰ, ਅਬਨਾਸ਼ ਤਲਵਾਰ, ਪ੍ਰੇਮ ਦੁਲਾਰੀ, ਸਰਵ ਹਤੈਸ਼ੀ ਭਾਟੀਆ, ਸਤੀਸ਼ ਕੁਮਾਰ ਵਧਵਾ, ਅਰੁਣ ਕੁਮਾਰ ਅਗਰਵਾਲ, ਅਵਤਾਰ ਸਿੰਘ, ਸਤਪਾਲ ਗੋਇਲ, ਅਮਰਨਾਥ ਗੁਪਤਾ ਅਤੇ ਸ਼ਾਮ ਬਿਹਾਰੀ ਜੈਸਵਾਲ ਹਾਜ਼ਰ ਸਨ।

## 40 ਸਾਲ ਬਾਅਦ ਵੀ ਇਨਸਾਫ ਨਹੀਂ , ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ 1984 ਦੇ ਸਿੱਖ ਕਤਲੇਆਮ ਲਈ ਨਿਆਂ ਦੀ ਕੀਤੀ ਮੰਗ

ਲੈਸਟਰ, ਲੰਡਨ, 2 ਨਵੰਬਰ (ਆਵਾਜ਼ਿ ਕੌਮ ਬਿਊਰੋ)–ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ 1984 ਦੇ ਸਿੱਖ ਕਤਲੇਆਮ ਨੂੰ 40 ਸਾਲ ਪੂਰੇ ਹੋਣ 'ਤੇ ਨਿਆਂ ਦੀ ਨਵੀਂ ਅਤੇ ਤਾਕਤਵਰ ਮੰਗ ਉਠਾਈ ਹੈ। ਸੰਗਠਨ ਨੇ ਕਿਹਾ ਕਿ ਚਾਰ ਦਹਾਕਿਆਂ ਬਾਅਦ ਵੀ ਪੀੜਤ ਪਰਿਵਾਰਾਂ ਨੂੰ ਇਨਸਾਫ ਨਾ ਮਿਲਣਾ ਭਾਰਤੀ ਲੋਕਤੰਤਰ ਦੇ ਚਿਹਰੇ



'ਤੇ ਇੱਕ ਕਾਲਾ ਧੱਬਾ ਹੈ।ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ,"1984 ਦਾ ਇਹ ਹੱਤਿਆਕਾਂਡ ਮਾਨਵਤਾ ਦੇ ਵਿਵੇਕ 'ਤੇ ਡੂੰਘਾ ਜ਼ਖ਼ਮ ਹੈ। ਚਾਰ ਦਹਾਕਿਆਂ ਦੀ ਦੇਰੀ ਨਾਲ ਮਿਲਣ ਵਾਲਾ ਇਨਸਾਫ, ਇਨਸਾਫ ਨਹੀਂ ਰਹਿੰਦਾ।"ਭਾਰਤ ਸਰਕਾਰ ਦੇ ਅਧਿਕਾਰਕ ਅੰਕੜਿਆਂ ਅਨੁਸਾਰ, ਦੇਸ਼ ਭਰ ਵਿੱਚ 3,350 ਸਿੱਖ ਮਾਰੇ ਗਏ, ਜਿਨ੍ਹਾਂ ਵਿੱਚੋਂ ਕੇਵਲ ਦਿੱਲੀ ਵਿੱਚ 2,146 ਦੀ ਮੌਤ ਹੋਈ। ਪਰ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਅੰਕੜਿਆਂ ਮੁਤਾਬਕ ਇਹ ਗਿਣਤੀ 8,000 ਤੋਂ 17,000 ਦੇ ਵਿਚਕਾਰ ਹੋ ਸਕਦੀ ਹੈ। ਸੰਗਠਨਾਂ ਦਾ ਕਹਿਣਾ ਹੈ ਕਿ ਇਹ ਹਿੰਸਾ "ਸੁਯੋਜਿਤ ਅਤੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ" ਸੀ। ਇਸ ਹਿੰਸਾ ਦੌਰਾਨ ਸਿੱਖ ਮਰਦਾਂ ਤੇ ਬੱਚਿਆਂ ਨੂੰ ਜਿੰਦਾ ਸਾੜਿਆ ਗਿਆ, ਔਰਤਾਂ ਨਾਲ ਬਲਾਤਕਾਰ ਕੀਤੇ ਗਏ, ਘਰ ਤੇ ਗੁਰਦੁਆਰੇ ਤਬਾਹ ਕੀਤੇ ਗਏ। ਸੀਤਲ ਸਿੰਘ ਗਿੱਲ ਨੇ ਕਿਹਾ,"ਚਾਲੀ ਸਾਲ ਬੀਤ ਗਏ, ਪਰ 1984 ਦਾ ਦਰਦ ਅੱਜ ਵੀ ਸੰਸਾਰ ਭਰ ਦੇ ਸਿੱਖਾਂ ਦੇ ਦਿਲਾਂ ਵਿੱਚ ਜਿਉਂਦਾ ਹੈ। ਪੀੜਤ ਪਰਿਵਾਰਾਂ ਨੂੰ ਸੱਚਾਈ ਅਤੇ ਇਨਸਾਫ ਦੀ ਲੋੜ ਹੈ — ਅਸੀਂ ਆਪਣੀ ਆਵਾਜ਼ ਉਸ ਸਮੇਂ ਤੱਕ ਉਠਾਉਂਦੇ ਰਹਾਂਗੇ ਜਦ ਤੱਕ ਇਨਸਾਫ ਨਹੀਂ ਮਿਲਦਾ।" ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰੇ ਅਤੇ ਪੀੜਤ ਪਰਿਵਾਰਾਂ ਨੂੰ ਯੋਗ ਮੁਆਵਜ਼ਾ ਅਤੇ ਨਿਆਂ ਪ੍ਰਦਾਨ ਕਰੇ। ਇਸ ਨਾਲ ਨਾਲ ਸੰਗਠਨ ਨੇ ਬ੍ਰਿਟਿਸ਼ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਉਹ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) 'ਤੇ ਹੋਏ ਹਮਲੇ ਦੌਰਾਨ ਬ੍ਰਿਟਿਸ਼ ਸਰਕਾਰ ਦੀ ਕਿਸੇ ਸੰਭਾਵਿਤ ਭੂਮਿਕਾ ਬਾਰੇ ਸੁਤੰਤਰ ਜਾਂਚ ਕਰਵਾਏ। "ਲੇਬਰ ਪਾਰਟੀ ਪਹਿਲਾਂ ਹੀ ਐਸੀ ਜਾਂਚ ਲਈ ਸਹਿਮਤ ਹੋਈ ਸੀ," ਗਿੱਲ ਨੇ ਕਿਹਾ "ਹੁਣ ਅਸੀਂ ਮੌਜੂਦਾ ਲੇਬਰ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਆਪਣੇ ਵਾਅਦੇ ਨੂੰ ਪੂਰਾ ਕਰੇ ਅਤੇ ਸੱਚਾਈ ਜਨਤਾ ਸਾਹਮਣੇ ਲਿਆਵੇ। ਹਿਊਮਨ ਰਾਈਟਸ ਵਾਚ ਵਰਗੀਆਂ ਸੰਸਥਾਵਾਂ ਨੇ ਵੀ ਕਿਹਾ ਹੈ ਕਿ 1984 ਦੀ ਹਿੰਸਾ ਦੇ ਦੋਸ਼ੀਆਂ ਨੂੰ ਸਜ਼ਾ ਨਾ ਮਿਲਣਾ ਭਾਰਤ ਦੀ ਨਿਆਂ ਪ੍ਰਣਾਲੀ 'ਤੇ ਸਦੀਵੀ ਦਾਗ ਹੈ। ਅੰਤ ਵਿੱਚ ਗਿੱਲ ਨੇ ਕਿਹ ਕਿ ਇਨਸਾਫ ਦੀ ਕੋਈ ਮਿਆਦ ਨਹੀਂ ਹੁੰਦੀ। ਚਾਲੀ ਸਾਲਾਂ ਤੋਂ ਉਡੀਕ ਕਰਦੇ ਪੀੜਤ ਹੁਣ ਸੱਚ ਤੇ ਹਿੰਮਤ ਦੇ ਹੱਕਦਾਰ ਹਨ।

## ਜਥੇਦਾਰ ਗੜਗੱਜ ਨੇ ਕੈਪਟਨ ਹਰਚਰਨ ਸਿੰਘ ਰੋਡੇ ਦੇ ਅਕਾਲ ਚਲਾਣੇ 'ਤੇ ਗਹਿਰੀ ਸੰਵੇਦਨਾ ਪ੍ਰਗਟ ਕੀਤੀ

ਅੰਮ੍ਰਿਤਸਰ, 2 ਨਵੰਬਰ (ਆਵਾਜ਼ਿ ਕੌਮ ਬਿਊਰੋ): ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦਮਦਮੀ ਟਕਸਾਲ ਦੇ 14ਵੇਂ ਮੁੱਖੀ, ਕੌਮੀ



ਸ਼ਹੀਦ ਤੇ 20ਵੀਂ ਸਦੀ ਦੇ ਮਹਾਨ ਸਿੱਖ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਦੇ ਵੱਡੇ ਭਰਾ ਕੈਪਟਨ ਹਰਚਰਨ ਸਿੰਘ ਰੋਡੇ ਦੇ ਅਕਾਲ ਚਲਾਣੇ 'ਤੇ ਗਹਿਰੀ ਸੰਵੇਦਨਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਹਰਚਰਨ ਸਿੰਘ ਰੋਡੇ ਕਰੜੀ ਜੀਵਨ ਘਾਲਣਾ ਵਾਲੇ ਗੁਰਸਿੱਖ ਸਨ, ਜਿਨ੍ਹਾਂ ਦੇ ਚਲਾਣੇ ਨਾਲ ਪਰਿਵਾਰ ਅਤੇ ਖ਼ਾਲਸਾ ਪੰਥ ਨੂੰ ਵੱਡਾ ਘਾਟਾ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਕੈਪਟਨ ਹਰਚਰਨ ਸਿੰਘ ਰੋਡੇ ਜਿਨ੍ਹਾਂ ਨੇ ਫ਼ੌਜ ਅੰਦਰ ਵੱਡੀਆਂ ਸੇਵਾਵਾਂ ਨਿਭਾਈਆਂ ਹਨ, ਜਿਹੀਆਂ ਸਿੱਖ ਸ਼ਖ਼ਸੀਅਤਾਂ ਬਾਰੇ ਵੱਧ ਤੋਂ ਵੱਧ ਪ੍ਰਚਾਰ ਪ੍ਰਸਾਰ ਕੀਤਾ ਜਾਵੇ। ਜਥੇਦਾਰ ਗੜਗੱਜ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਭਰਾ ਕੈਪਟਨ ਹਰਚਰਨ ਸਿੰਘ ਰੋਡੇ ਦੇ ਸਰੀਰਕ ਵਿਛੋੜੇ 'ਤੇ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, 2 ਨਵੰਬਰ (ਆਵਾਜ਼ਿ ਕੌਮ ਬਿਊਰੋ): ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਮਹਾਂਪੁਰਸ਼ਾਂ ਦੇ ਵੱਡੇ ਭਰਾ ਕੈਪਟਨ ਹਰਚਰਨ ਸਿੰਘ ਰੋਡੇ ਦੇ ਅਕਾਲ ਚਲਾਣੇ ਉੱਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਖ਼ਾਲਿਸਤਾਨੀ ਚਿੰਤਕ ਭਾਈ ਸਰਬਜੀਤ ਸਿੰਘ ਘੁਮਾਣ, ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ, ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ, ਖ਼ਾਲਸਾ ਫ਼ਤਹਿਨਾਮਾ ਦੇ ਸੰਪਾਦਕ ਸ. ਰਣਜੀਤ ਸਿੰਘ, ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਜਥੇਬੰਦਕ ਸਕੱਤਰ ਭਾਈ ਮਨਪ੍ਰੀਤ ਸਿੰਘ ਖ਼ਾਲਸਾ ਅਤੇ ਸਿੱਖ ਏਡ ਅਸਟਰੀਆ ਦੇ ਮੁਖੀ ਭਾਈ ਹਰਪ੍ਰੀਤ ਸਿੰਘ ਪੰਮਾ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਦੇ ਪਰਿਵਾਰ ਦੀ ਸਿੱਖ ਸੰਘਰਸ਼ ਵਿੱਚ ਵੱਡੀ ਕੁਰਬਾਨੀ ਹੈ ਜਿਸ ਨੂੰ ਅਸੀਂ ਸਦਾ ਹੀ ਪ੍ਰਣਾਮ ਕਰਦੇ ਹਾਂ। ਉਹਨਾਂ ਕਿਹਾ ਕਿ ਕੈਪਟਨ



ਹਰਚਰਨ ਸਿੰਘ ਰੋਡੇ ਨੇ ਬਾਬਾ ਜੋਗਿੰਦਰ ਸਿੰਘ ਜੀ ਰੋਡੇ ਅਤੇ ਸਰਦਾਰ ਸਿਮਰਨਜੀਤ ਸਿੰਘ ਮਾਨ ਤੇ ਹੋਰ ਪੰਥਕ ਜਥੇਬੰਦੀਆਂ ਦੇ ਆਗੂਆਂ ਨਾਲ ਮਿਲ ਕੇ ਸੰਘਰਸ਼ ਵਿੱਚ ਅਥਾਹ ਸੇਵਾ ਕੀਤੀ।ਫੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਜਥੇਦਾਰ ਭਾਈ ਬਲਵੰਤ ਸਿੰਘ ਗੋਪਾਲਾ ਨੇ ਕਿਹਾ ਕਿ ਅਸੀਂ ਜਦੋਂ ਵੀ ਸੰਤ ਭਿੰਡਰਾਂਵਾਲਿਆਂ ਦੇ ਭਰਾ ਕੈਪਟਨ ਹਰਚਰਨ ਸਿੰਘ ਰੋਡੇ ਨੂੰ ਮਿਲਦੇ ਸੀ ਤਾਂ ਉਹ ਅਕਸਰ ਹੀ ਇਹ ਗੱਲ ਕਹਿੰਦੇ ਸਨ ਕਿ "ਓਹ ਸਿੰਘੋ! ਤੁਸੀਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਮ ਉੱਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਜਥੇਬੰਦੀ ਬਣਾ ਕੇ ਬਹੁਤ ਵਧੀਆ ਕਾਰਜ ਕੀਤਾ ਹੈ, ਤੁਸੀਂ ਜਦੋਂ ਸੰਤ ਜਰਨੈਲ ਸਿੰਘ ਦੀ ਸੋਚ, ਸੰਘਰਸ਼, ਵਿਚਾਰਧਾਰਾ ਅਤੇ ਖ਼ਾਲਿਸਤਾਨ ਦੇ ਨਿਸ਼ਾਨੇ ਦੀ ਗੱਲ ਕਰਦੇ ਹੋ ਤਾਂ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ। ਤੁਸੀਂ ਸੰਤ ਭਿੰਡਰਾਂਵਾਲਿਆਂ ਦੀ ਵਿਚਾਰਧਾਰਾ ਨੂੰ ਦੁਨੀਆਂ ਭਰ ਵਿੱਚ ਫੈਲਾਓ, ਇਸ ਨਾਲ ਸਿੱਖੀ ਦੀ ਹੋਰ ਚੜ੍ਹਦੀ ਕਲਾ ਹੋਵੇਗੀ ਤੇ ਨੌਜਵਾਨਾਂ ਵਿੱਚ ਜਾਗਰੂਕਤਾ ਆਏਗੀ।" ਭਾਈ ਰਣਜੀਤ ਸਿੰਘ ਨੇ ਦੱਸਿਆ ਕਿ ਕੈਪਟਨ ਹਰਚਰਨ ਸਿੰਘ ਰੋਡੇ ਨੇ ਮੁਲਾਕਾਤ ਦੌਰਾਨ ਉਹਨਾਂ ਨੂੰ ਸਿੱਖ ਸੰਘਰਸ਼ ਸੰਬੰਧੀ ਅਥਾਹ ਜਾਣਕਾਰੀ ਮੁਹੱਈਆ ਕਰਵਾਈ ਸੀ ਜੋ ਅਸੀਂ ਅਗਲੀ ਕਿਤਾਬ ਵਿੱਚ ਛਾਪਾਂਗੇ। ਫੈਡਰੇਸ਼ਨ ਆਗੂਆਂ ਨੇ ਅਰਦਾਸ ਕੀਤੀ ਕਿ ਕੈਪਟਨ ਹਰਚਰਨ ਸਿੰਘ ਰੋਡੇ ਨੂੰ ਵਾਹਿਗੁਰੂ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਤੇ ਉਹਨਾਂ ਦੀ ਪੰਥਕ ਸੇਵਾ ਥਾਏਂ ਪਾਉਣ।

# ਸਰਕਾਰਾਂ ਦੀਆਂ ਪੰਥ ਵਿਰੋਧੀ ਨੀਤੀਆਂ ਸਿੱਖ ਕੌਮ ਦੇ ਅਸਤਿੱਤਵ ਲਈ ਖ਼ਤਰਾ : ਮਾਤਾ ਬਲਵਿੰਦਰ ਕੌਰ

### ਪਿੰਡ ਕਸੇਲ ਹਵੇਲੀਆਂ 'ਚ ਭਾਈ ਮਨਦੀਪ ਸਿੰਘ ਖ਼ਾਲਸਾ ਦੇ ਹੱਕ 'ਚ ਵੱਡੀ ਮੀਟਿੰਗ, ਸੰਗਤ ਦਾ ਜਜ਼ਬਾ ਕਾਬਿਲ-ਏ-ਤਾਰੀਫ਼





ਤਰਨਤਾਰਨ, 2 ਨਵੰਬਰ (ਆਵਾਜ਼ਿ ਕੌਮ ਬਿਊਰੋ)– ਪਿੰਡ ਕਸੇਲ ਹਵੇਲੀਆਂ ਵਿਖੇ ਸ੍ਰ ਭੁਪਿੰਦਰ ਸਿੰਘ ਦੇ ਗ੍ਰਹਿ 'ਚ ਅੱਜ ਭਾਈ ਮਨਦੀਪ ਸਿੰਘ ਖ਼ਾਲਸਾ ਦੇ ਹੱਕ ਵਿੱਚ ਜੋਨ ਇੰਚਾਰਜ ਸ਼ਮਸ਼ੇਰ ਸਿੰਘ ਪੱਧਰੀ ਅਤੇ ਚਰਨਜੀਤ ਸਿੰਘ ਗਾਲਿਬ ਦੀ ਅਗਵਾਈ ਹੇਠ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪਿੰਡ ਦੀਆਂ ਔਰਤਾਂ, ਬਜ਼ੁਰਗਾਂ ਅਤੇ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਮੀਟਿੰਗ ਵਿੱਚ ਮੁੱਖ ਤੌਰ ਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੀ ਮਾਤਾ ਬੀਬੀ ਬਲਵਿੰਦਰ ਕੌਰ ਜੀ, ਵੱਡੇ ਭਰਾਤਾ ਭਾਈ ਹਰਪ੍ਰੀਤ ਸਿੰਘ ਜੀ, ਪ੍ਰੋ. ਸਤਨਾਮ ਕੌਰ ਜੀ, ਬੀਬੀ ਮਨਜੀਤ ਕੌਰ ਜੀ, ਭਾਈ ਭੁਪਿੰਦਰ ਸਿੰਘ ਗੱਦਲੀ, ਭਾਈ ਪਲਵਿੰਦਰ ਸਿੰਘ, ਭਾਈ ਜਗਜੀਤ ਸਿੰਘ ਰਾਮੂਵਾਲ, ਬਾਬਾ ਕੁਲਵਿੰਦਰ ਸਿੰਘ ਫ਼ਤਾਹਪੁਰ, ਭਾਈ ਦਇਆ ਸਿੰਘ ਜੀ, ਭਾਈ ਭੁਪਿੰਦਰ ਸਿੰਘ ਪਟਿਆਲਾ, ਭਾਈ ਅਮਰਜੀਤ ਸਿੰਘ ਸੋਨੂੰ ਪੰਡੋਰੀ, ਭਾਈ ਸੁਖਚੈਨ ਸਿੰਘ ਜੱਲੂਪੁਰ, ਭਾਈ ਸੁਖਬੀਰ ਸਿੰਘ ਚੀਮਾਂ, ਭਾਈ ਮਹਿੰਦਰਪਾਲ ਸਿੰਘ ਤੁੰਗ, ਭਾਈ ਰਣਜੀਤ ਸਿੰਘ ਬਰੈਸਟ, ਭਾਈ ਕੰਵਲਜੀਤ ਸਿੰਘ ਕਸੇਲ, ਭਾਈ ਗੁਰਦੀਪ ਸਿੰਘ ਮਰਦਾਂਪੁਰ, ਭਾਈ ਚਰਨਜੀਤ ਸਿੰਘ ਗਾਲਿਬ, ਬੀਬੀ ਕੁਲਵਿੰਦਰ ਕੌਰ ਜੀ, ਰਾਜ ਭੈਣ ਜੀ, ਸ੍ਰ ਬਾਵਾ ਸਿੰਘ ਜੀ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ। ਇਸ ਮੌਕੇ ਮਾਤਾ ਬਲਵਿੰਦਰ ਕੌਰ ਜੀ ਨੇ ਸੰਗਤ ਨਾਲ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰਾਂ ਤੇ ਪਿਛਲੀਆਂ ਸਾਰੀਆਂ ਸਰਕਾਰਾਂ ਨੇ ਸਿੱਖ ਕੌਮ ਨਾਲ ਹਮੇਸ਼ਾ ਧੋਖਾ ਕੀਤਾ ਹੈ। ਜਿਨ੍ਹਾਂ ਨੇ ਸਿੱਖਾਂ ਦੀਆਂ ਕੁਰਬਾਨੀਆਂ ਦੇ ਆਦਰਸ਼ਾਂ ਨੂੰ ਭੁੱਲ ਕੇ ਆਪਣੀਆਂ ਰਾਜਨੀਤਿਕ ਸਹੂਲਤਾਂ ਲਈ ਪੰਥਕ ਮੁੱਦਿਆਂ ਨੂੰ ਹਾਸ਼ੀਏ ਤੇ ਲਿਆ ਖੜਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਸਿੱਖ ਨੌਜਵਾਨਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਜੇਲਾਂ ਵਿੱਚ ਸੜਾਇਆ ਜਾ ਰਿਹਾ ਹੈ, ਪੰਥਕ ਆਗੂਆਂ ਨੂੰ ਦਬਾਇਆ ਜਾ ਰਿਹਾ ਹੈ ਅਤੇ ਗੁਰੂ ਸਾਹਿਬਾਨ ਦੇ ਸਿਧਾਂਤਾਂ 'ਤੇ ਚੱਲਣ ਵਾਲੇ ਹਰ ਆਵਾਜ਼ ਨੂੰ ਚੁੱਪ ਕਰਵਾਉਣ ਦੀ ਸਾਜ਼ਿਸ਼ ਹੋ ਰਹੀ ਹੈ। ਮਾਤਾ ਜੀ ਨੇ ਸੰਗਤ ਨੂੰ ਅਪੀਲ ਕੀਤੀ ਕਿ ਪੰਥਕ ਏਕਤਾ ਹੀ ਇਸ ਤਰ੍ਹਾਂ ਦੀਆਂ ਪੰਥ ਵਿਰੋਧੀ ਤਾਕਤਾਂ ਦਾ ਸੱਚਾ ਜਵਾਬ ਹੈ। ਹਰ ਸਿੱਖ ਘਰ ਦੀ ਜ਼ਿੰਮੇਵਾਰੀ ਹੈ ਕਿ ਉਹ ਭਾਈ ਮਨਦੀਪ ਸਿੰਘ ਖ਼ਾਲਸਾ ਵਰਗੇ ਪੰਥਕ ਨੌਜਵਾਨਾਂ ਦੇ ਹੱਕ ਵਿੱਚ ਖੜ੍ਹੇ ਹੋਣ ਜੋ ਸੱਚ, ਨਿਆਂ ਅਤੇ ਗੁਰੂ ਸਿੱਧਾਂਤਾਂ ਦੀ ਲੜਾਈ ਲੜ ਰਹੇ ਹਨ। ਮੀਟਿੰਗ ਦੇ ਅੰਤ ਵਿੱਚ ਸੰਗਤ ਵੱਲੋਂ ਸਰਕਾਰ ਦੀ ਪੰਥ ਵਿਰੋਧੀ ਸੋਚ ਦੀ ਤਿੱਖੀ ਨਿੰਦਾ ਕੀਤੀ ਗਈ ਤੇ ਆਉਣ ਵਾਲੀਆਂ ਚੋਣਾਂ ਵਿੱਚ ਸੱਚੇ ਪੰਥਕ ਪ੍ਰਤਿਨਿਧੀਆਂ ਨੂੰ ਚੁਣਨ ਦਾ ਫ਼ੈਸਲਾ ਲਿਆ ਗਿਆ।

# ਸਰਹੱਦੀ ਪਿੰਡ ਬੁਰਜ 169 ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਦੇ ਹੱਕ ਵਿੱਚ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜ਼ੋਰਦਾਰ ਪ੍ਰਚਾਰ

### ਨੰਬਰਦਾਰ ਜਤਿੰਦਰ ਸਿੰਘ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਸਨਮਾਨਿਤ ਕੀਤਾ





ਤਰਨਤਾਰਨ, 2 ਨਵੰਬਰ (ਆਵਾਜ਼ਿ ਕੌਮ ਬਿਊਰੋ)– ਹਲਕਾ ਤਰਨਤਾਰਨ ਤੋਂ ਜ਼ਿਮਨੀ ਚੋਣ ਦੇ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਦੇ ਹੱਕ ਵਿੱਚ ਸਰਹੱਦੀ ਪਿੰਡ ਬੁਰਜ 169 ਵਿਖੇ ਨੰਬਰਦਾਰ ਜਤਿੰਦਰ ਸਿੰਘ ਬੁਰਜ ਦੀ ਅਗਵਾਈ ਹੇਠ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਅਤੇ ਪੰਜਾਬੀਆਂ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਨਾਲ ਹੀ ਪੰਜਾਬ ਦਾ ਸਰਬਪੱਖੀ ਵਿਕਾਸ, ਸ਼ਾਂਤੀ ਅਤੇ ਭਾਈਚਾਰਕ ਸਾਂਝ ਦਾ ਰਾਹ ਪੱਧਰਾ ਹੋ ਸਕਦਾ। ਉਨ੍ਹਾਂ ਨੇ ਕਿਹਾ ਸ਼੍ਰੋਮਣੀ ਅਕਾਲੀ ਦਲ ਹੀ ਲਟਕਦੇ ਮਸਲੇ ਹੱਲ ਕਰ ਸਕਦਾ ਹੈ ।ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਆਪਣੀ ਹਾਰ ਨੂੰ ਵੇਖ ਖ ਕੇ ਅਕਾਲੀ ਵਰਕਰਾਂ ਨੂੰ ਡਰਾ ਧਮਕਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣ ਦੀ ਅਪੀਲ ਕੀਤੀ ਇਸ ਮੌਕੇ ਕੰਚਨਪ੍ਰੀਤ ਕੌਰ, ਸਾਬਕਾ ਚੈਅਰਮੈਨ ਹਰਵੰਤ ਸਿੰਘ ਝਬਾਲ, ਸਾਬਕਾ ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ, ਸਾਬਕਾ ਸਰਪੰਚ ਕਾਕਾ ਛਾਪਾ, ਨੰਬਰਦਾਰ ਜਤਿੰਦਰ ਸਿੰਘ ਬੁਰਜ, ਸੁਖਜੀਤ ਸਿੰਘ, ਰਣਬੀਰ ਸਿੰਘ, ਨੰਬਰਦਾਰ ਸਤਬੀਰ ਸਿੰਘ, ਯੁਵਰਾਜ ਸਿੰਘ, ਜੈਬੀਰ ਸਿੰਘ, ਗੁਰਬੀਰ ਸਿੰਘ, ਮਨਜੀਤ ਸਿੰਘ, ਗੁਰਜੀਤ ਸਿੰਘ, ਅਵਤਾਰ ਸਿੰਘ ਚਾਹਲ, ਰਾਜਪਾਲ ਸਿੰਘ, ਕੁਲਵਿੰਦਰ ਸਿੰਘ ਡੀਸੀ ਆਦਿ ਹਾਜ਼ਰ ਸਨ.

## ਪਿੰਡ ਕੰਗ ਸਾਹਬੂ ਵਿੱਚ ਫਰੀ ਮੈਡੀਕਲ ਕੈਂਪ ਦਾ ਆਯੋਜਨ

# 709 ਮਰੀਜ਼ਾਂ ਦੀ ਕੀਤੀ ਜਾਂਚ, ਮੁਫ਼ਤ ਦਵਾਈਆਂ ਅਤੇ ਐਨਕਾਂ ਵੰਡੀਆਂ













ਕੰਗ ਸਾਹਬੂ, 2 ਨਵੰਬਰ (ਆਵਾਜ਼ਿ ਕੌਮ ਬਿਊਰੋ)– ਇੱਥੋਂ ਨਜ਼ਦੀਕੀ ਪਿੰਡ ਕੰਗ ਸਾਹਬੂ ਵਿਖੇ ਕੰਗ ਸਾਹਬੂ ਐਨ.ਆਰ.ਆਈ. ਵੈਲਫੇਅਰ ਸੋਸਾਇਟੀ (ਰਜਿ:) ਯੂ.ਕੇ. ਵੱਲੋਂ ਗ੍ਰਾਮ ਪੰਚਾਇਤ, ਨਗਰ ਨਿਵਾਸੀਆਂ ਅਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਇਕ ਫਰੀ ਮੈਡੀਕਲ ਚੈਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਾ. ਨਰਿੰਦਰ ਪਾਲ ਸਿੰਘ (ਐਮ. ਡੀ. ਗੁਰੂ ਨਾਨਕ ਹਸਪਤਾਲ, ਕੰਗ ਸਾਹਬੂ) ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੈਡੀਕਲ ਕੈਂਪ ਦੌਰਾਨ ਅੱਖਾਂ ਦੇ ਮਾਹਰ ਡਾਕਟਰਾਂ, ਔਰਤਾਂ ਦੇ ਰੋਗਾਂ ਦੇ ਮਾਹਰਾਂ, ਮੈਮੋਗ੍ਰਾਫੀ, ਹੱਡੀਆਂ ਦੇ ਰੋਗਾਂ, ਸ਼ੂਗਰ, ਬੀ.ਪੀ. ਅਤੇ ਹੋਰ ਬਿਮਾਰੀਆਂ ਦੇ ਟੈਸਟ ਮੁਫ਼ਤ ਕੀਤੇ ਗਏ। ਕੁੱਲ 709 ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਅਤੇ ਅੱਖਾਂ ਦੀਆਂ ਐਨਕਾਂ ਵੰਡੀਆਂ ਗਈਆਂ। ਇਸ ਮੌਕੇ ਡਾ. ਅੰਜੂ ਜੀਂ (ਐਮ. ਡੀ. ਮੈਮੋਗ੍ਰਾਫੀ ਵਿਸ਼ੇਸ਼ਿਗਆ) ਨੇ ਲੋਕਾਂ ਨੂੰ ਕੈਂਸਰ ਅਤੇ ਹੋਰ ਗੰਭੀਰ ਬਿਮਾਰੀਆਂ ਤੋਂ ਬਚਾਅ ਲਈ ਅਗਾਓ ਸਕਰੀਨਿੰਗ ਟੈਸਟ ਕਰਾਉਣ ਦੀ ਅਪੀਲ ਕੀਤੀ। ਕੈਂਪ ਦੌਰਾਨ ਸੰਸਥਾ ਦੇ ਮੁੱਖ

ਆਵਾਜ਼ਿ ਕੌਮ AWAZE QAUM
International Newspaper & WEB TV

ਪ੍ਰਬੰਧਕ ਬਲਜੀਤ ਸਿੰਘ ਕੰਗ (ਯੂ.ਕੇ.), ਰੇਸ਼ਮ ਸਿੰਘ (ਪਤੀ ਸਰਪੰਚ), ਸਰਦਾਰ ਭਗਵੰਤ ਸਿੰਘ (ਸਾਬਕਾ ਸਰਪੰਚ) ਅਤੇ ਹੋਰ ਐਨ.ਆਰ.ਆਈ. ਵੀਰਾਂ ਦੀ ਹਾਜ਼ਰੀ ਰਹੀ। ਮਾਸਟਰ ਰਵਿੰਦਰ ਸਿੰਘ ਕੰਗ (ਸਟੇਟ ਐਵਾਰਡੀ) ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਐਨ.ਆਰ.ਆਈ. ਵੀਰਾਂ ਦੇ ਇਸ ਚੰਗੇ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ "ਇਹ ਜਿਹੇ ਕੈਂਪ ਪਿੰਡਾਂ ਵਿੱਚ ਸਿਹਤ ਜਾਗਰੂਕਤਾ ਵਧਾਉਣ ਲਈ ਬਹੁਤ ਜ਼ਰੂਰੀ ਹਨ, ਲੋਕਾਂ ਨੂੰ ਵੱਧ ਤੋਂ ਵੱਧ ਇਨ੍ਹਾਂ ਦਾ ਲਾਭ ਲੈਣਾ ਚਾਹੀਦਾ ਹੈ। ਇਸ ਮੌਕੇ ਬਲਜੀਤ ਸਿੰਘ ਯੂ.ਕੇ., ਬਲਜਿੰਦਰ ਸਿੰਘ ਯੂ.ਕੇ., ਪਰਮਜੀਤ ਸਿੰਘ ਯੂ.ਕੇ., ਰਣਜੀਤ ਸਿੰਘ ਯੂ.ਕੇ. ਆਦਿ ਨੇ ਸਾਰੇ ਡਾਕਟਰਾਂ, ਨਗਰ ਨਿਵਾਸੀਆਂ ਅਤੇ ਪ੍ਰਬੰਧਕ ਵੀਰਾਂ ਦਾ ਤਹਿ-ਦਿਲੋਂ ਧੰਨਵਾਦ ਕੀਤਾ। ਉਪਰਾਲੇ ਨੂੰ ਸਫਲ ਬਣਾਉਣ ਵਿੱਚ ਸ਼੍ਰੀ ਪਿਆਰੇ ਲਾਲ (ਮੈਂਬਰ ਪੰਚਾਇਤ), ਈਸ਼ਵੀਰ ਸਿੰਘ (ਪ੍ਰਧਾਨ ਜਗਰਾਤੀ ਕਲੱਬ), ਸਰਦਾਰ ਭਗਵੰਤ ਸਿੰਘ (ਸਾਬਕਾ ਸਰਪੰਚ), ਗੁਰਵਿੰਦਰ ਸਿੰਘ, ਤਰਸੇਮ ਲਾਲ, ਬਲਦੇਵ ਸਿੰਘ, ਦਲਜੀਤ ਸਿੰਘ, ਬਲਵਿੰਦਰ ਸਿੰਘ, ਅਜੈਬ ਸਿੰਘ, ਸੁਰਿੰਦਰ ਸਿੰਘ, ਭੁਪਿੰਦਰ ਸਿੰਘ ਮੰਗਾ, ਅਤੇ ਸ. ਬਖਤਾਵਰ ਸਿੰਘ ਆਦਿ ਹਾਜ਼ਰ ਰਹੇ।

## ਸ਼੍ਰੀ ਤਰਨ ਤਾਰਨ ਜ਼ਿਮਨੀ ਚੋਣ 2025

# ਪੰਥਕ ਹਲਕੇ ਦੇ ਵੋਟਰਾਂ ਨੂੰ ਅਪੀਲ

# ਪਾਰਟੀਬਾਜੀ ਤੋਂ ਉੱਪਰ ਉੱਠ ਕੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਵੋਟ ਪਾਉਣ : ਇੰਟਰਨੈਸ਼ਨਲ ਪੰਥਕ ਦਲ



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ (ਬਾਨੀ ਇੰਟਰਨੈਸ਼ਨਲ ਪੰਥਕ ਦਲ) ਅਤੇ ਸਾਬਕਾ ਜਥੇਦਾਰ, ਸ਼੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ



ਭਾਈ ਪਰਮਜੀਤ ਸਿੰਘ ਢਾਡੀ
ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ
ਇੰਟਰਨੈਸ਼ਨਲ ਪੰਥਕ ਦਲ



ਭਾਈ ਰਘਵੀਰ ਸਿੰਘ
ਪ੍ਰਧਾਨ
ਇੰਟਰਨੈਸ਼ਨਲ ਪੰਥਕ ਦਲ ਯੂ.ਕੇ.



ਭਾਈ ਕਪਤਾਨ ਸਿੰਘ
ਜਰਨਲ ਸਕੱਤਰ ਤੇ ਮੁੱਖ ਬੁਲਾਰਾ
ਇੰਟਰਨੈਸ਼ਨਲ ਪੰਥਕ ਦਲ ਯੂ.ਕੇ.

**ਲਵਰਹੈਪਟਨ (ਇੰਗਲੈਂਡ)** — ਸ਼੍ਰੀ ਤਰਨ ਤਾਰਨ ਸਾਹਿਬ – ਪੰਥਕ ਏਕਤਾ ਅਤੇ ਖਾਲਸਾ ਮਰਿਆਦਾ ਦੇ ਸੁਨੇਹੇ ਨਾਲ ਜੁੜੇ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸ਼੍ਰੀ ਤਰਨ ਤਾਰਨ ਸਾਹਿਬ ਹਲਕੇ ਵਿੱਚ ਹੋ ਰਹੀ ਜ਼ਿਮਨੀ ਚੋਣ ਸਬੰਧੀ ਇੱਕ ਮਹੱਤਵਪੂਰਨ ਬਿਆਨ ਜਾਰੀ ਕੀਤਾ ਗਿਆ ਹੈ। ਦਲ ਨੇ ਪੰਥਕ ਹਲਕੇ ਦੇ ਸੂਝਵਾਨ ਅਤੇ ਜਾਗਰੂਕ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਾਰਟੀਬਾਜੀ, ਵਿਅਕਤੀਗਤ ਰੁਝਾਨਾਂ ਅਤੇ ਰਾਜਨੀਤਿਕ ਸਵਾਰਥਾਂ ਤੋਂ ਉੱਪਰ ਉੱਠ ਕੇ ਆਪਣੀ ਵੋਟ ਕੇਵਲ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਪਾਉਣ। ਇਹ ਸਾਂਝਾ ਬਿਆਨ ਭਾਈ ਪਰਮਜੀਤ ਸਿੰਘ ਢਾਡੀ, ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ ਇੰਟਰਨੈਸ਼ਨਲ ਪੰਥਕ ਦਲ, ਭਾਈ ਰਘਵੀਰ ਸਿੰਘ, ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂ.ਕੇ., ਅਤੇ ਭਾਈ ਕਪਤਾਨ ਸਿੰਘ, ਜਰਨਲ ਸਕੱਤਰ ਤੇ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ।

**ਵਾਰਿਸ ਪੰਜਾਬ ਅਕਾਲੀ ਦਲ ਦਾ ਪੰਥਕ ਉਮੀਦਵਾਰ** : ਇੰਟਰਨੈਸ਼ਨਲ ਪੰਥਕ ਦਲ ਦੇ ਆਗੂਆਂ ਨੇ ਦੱਸਿਆ ਕਿ ਵਾਰਿਸ ਪੰਜਾਬ ਅਕਾਲੀ ਦਲ ਨੇ ਸ਼੍ਰੀ ਤਰਨ ਤਾਰਨ ਹਲਕੇ ਤੋਂ ਹੋ ਰਹੀ ਜ਼ਿਮਨੀ ਚੋਣ ਵਿੱਚ ਆਪਣੇ ਉਮੀਦਵਾਰ ਵਜੋਂ ਭਾਈ ਸੰਦੀਪ ਸਿੰਘ ਸੱਨੀ ਦੇ ਭਰਾ ਭਾਈ ਮਨਦੀਪ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਭਾਈ ਸੰਦੀਪ ਸਿੰਘ ਸੱਨੀ ਇਸ ਸਮੇਂ ਜੇਲ੍ਹ ਵਿੱਚ ਬੰਦ ਹਨ ਅਤੇ ਉਹਨਾਂ ਦਾ ਪੰਥਕ ਤੇ ਜਨਤਕ ਯੋਗਦਾਨ ਕਾਫ਼ੀ ਮਹੱਤਵਪੂਰਨ ਰਿਹਾ ਹੈ। ਉਨ੍ਹਾਂ ਦੀ ਗੈਰਹਾਜ਼ਰੀ ਵਿੱਚ, ਉਨ੍ਹਾਂ ਦੇ ਭਰਾ ਭਾਈ ਮਨਦੀਪ ਸਿੰਘ ਨੇ ਪੰਥਕ ਸਿਧਾਂਤਾਂ ਦੀ ਰੱਖਿਆ ਅਤੇ ਲੋਕ ਸੇਵਾ ਨੂੰ ਅਗੇ ਵਧਾਉਣ ਦਾ ਸੰਕਲਪ ਲਿਆ ਹੈ। ਪੰਥਕ ਦਲ ਦੇ ਆਗੂਆਂ ਨੇ ਕਿਹਾ ਕਿ ਭਾਈ ਮਨਦੀਪ ਸਿੰਘ ਇੱਕ ਸਿੱਖ ਅਦਰਸ਼ਾਂ, ਸੱਚਾਈ ਅਤੇ ਸੇਵਾ ਦੇ ਪੱਖਦਾਰ ਉਮੀਦਵਾਰ ਹਨ, ਜਿਨ੍ਹਾਂ ਨੇ ਹਮੇਸ਼ਾਂ ਗੁਰੂ ਘਰਾਂ, ਸੰਗਤਾਂ ਅਤੇ ਪੰਥਕ ਮੁਹਿੰਮਾਂ ਵਿੱਚ ਭਾਗ ਲਿਆ ਹੈ।

**ਪੰਥਕ ਏਕਤਾ ਦੀ ਲੋੜ** : ਭਾਈ ਪਰਮਜੀਤ ਸਿੰਘ ਢਾਡੀ, ਭਾਈ ਰਘਵੀਰ ਸਿੰਘ ਅਤੇ ਭਾਈ ਕਪਤਾਨ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਥ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਉਹਨਾਂ ਕਿਹਾ – "ਇਹ ਚੋਣ ਸਿਰਫ਼ ਇੱਕ ਵਿਧਾਨ ਸਭਾ ਸੀਟ ਦੀ ਨਹੀਂ, ਸਗੋਂ ਪੰਥਕ ਸੋਚ ਅਤੇ ਗੁਰੂ ਸਿੱਖੀ ਅਦਰਸ਼ਾਂ ਦੀ ਜਿੱਤ ਦੀ ਚੋਣ ਹੈ। ਅਸੀਂ ਸਾਰਿਆਂ ਨੂੰ ਇਹ ਸੂਝਬੂਝ ਨਾਲ ਫੈਸਲਾ ਕਰਨਾ ਚਾਹੀਦਾ ਹੈ ਕਿ ਕਿਹੜਾ ਉਮੀਦਵਾਰ ਗੁਰੂ ਸਾਹਿਬ ਦੀ ਰਹਿਤ ਤੇ ਪੰਥ ਦੀ ਆਬਰੂ ਨੂੰ ਕਾਇਮ ਰੱਖ ਸਕਦਾ ਹੈ।" ਉਹਨਾਂ ਹੋਰ ਕਿਹਾ ਕਿ ਪੰਥਕ ਧਿਰਾਂ, ਸਮਾਜਕ ਜਥੇਬੰਦੀਆਂ ਤੇ ਗੁਰਮਤਿ ਪ੍ਰੇਮੀ ਸੰਗਤਾਂ ਵੱਲੋਂ ਵੀ ਭਾਈ ਮਨਦੀਪ ਸਿੰਘ ਦੀ ਖੁੱਲ੍ਹੀ ਹਮਾਇਤ ਕੀਤੀ ਜਾ ਰਹੀ ਹੈ, ਜੋ ਪੰਥਕ ਏਕਤਾ ਦਾ ਸਪਸ਼ਟ ਪ੍ਰਤੀਕ ਹੈ।

**ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਦਾ ਮਹੱਤਵ** : ਆਗੂਆਂ ਨੇ ਕਿਹਾ ਕਿ ਤਰਨ ਤਾਰਨ ਸਾਹਿਬ ਦੀ ਧਰਤੀ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀ ਚਰਨ ਛੋਹ ਧਰਤੀ ਹੈ, ਜੋ ਖਾਲਸਾ ਰਾਜ ਦੇ ਸਮੇਂ ਸਿੱਖ ਰਾਜਧਾਨੀ ਦਾ ਮਾਣ ਰੱਖਦੀ ਆਈ ਹੈ। ਇਸ ਲਈ ਮਾਝੇ ਦੇ ਸੂਝਵਾਨ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਇਸ ਧਰਤੀ ਦੀ ਰਵਾਇਤ ਨੂੰ ਜ਼ਿੰਦਾ ਰੱਖਦਿਆਂ ਪੰਥਕ ਝੰਡੇ ਹੇਠ ਇਕੱਠੇ ਹੋਣ। ਉਹਨਾਂ ਕਿਹਾ ਕਿ ਇਹ ਚੋਣ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਪੰਥਕ ਆਤਮਗੌਰਵ ਦੀ ਪ੍ਰਤੀਕ ਚੋਣ ਹੈ। ਜੇ ਮਾਝੇ ਦੇ ਸਿੱਖ ਇਕਜੁੱਟ ਹੋ ਕੇ ਭਾਈ ਮਨਦੀਪ ਸਿੰਘ ਨੂੰ ਵੱਡੀ ਲੀਡ ਨਾਲ ਕਾਮਯਾਬ ਕਰਾਉਂਦੇ ਹਨ, ਤਾਂ ਇਹ 2027 ਲਈ ਇੱਕ ਮਜ਼ਬੂਤ ਪੰਥਕ ਆਵਾਜ਼ ਦੀ ਸ਼ੁਰੂਆਤ ਹੋਵੇਗੀ।

**ਪੰਥਕ ਦਲ ਦੀ ਅਪੀਲ** : ਇੰਟਰਨੈਸ਼ਨਲ ਪੰਥਕ ਦਲ ਨੇ ਸਾਰਿਆਂ ਪੰਥਕ ਵੋਟਰਾਂ ਨੂੰ ਸਾਂਝੀ ਅਪੀਲ ਕੀਤੀ – **"ਆਉ ਜੀ, 11 ਨਵੰਬਰ ਨੂੰ ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਤੋਂ ਪੰਥਕ ਜਿੱਤ ਦਾ ਨਾਅਰਾ ਲਗਾਈਏ। ਆਪਣੇ ਗੁਰੂ ਦੀ ਰਹਿਤ, ਆਪਣੇ ਸ਼ਹੀਦਾਂ ਦੀ ਕੁਰਬਾਨੀ ਅਤੇ ਆਪਣੀ ਧਰਤੀ ਦੇ ਮਾਣ ਲਈ ਭਾਈ ਮਨਦੀਪ ਸਿੰਘ ਨੂੰ ਜਿੱਤਾਂ ਕੇ 2027 ਦਾ ਰਾਹ ਪੱਧਰਾ ਕਰੀਏ।"**

## ਚੋਣ ਮਿਤੀ: 11 ਨਵੰਬਰ 2025

**ਹਲਕਾ: ਸ਼੍ਰੀ ਤਰਨ ਤਾਰਨ ਸਾਹਿਬ**

**ਉਮੀਦਵਾਰ: ਭਾਈ ਮਨਦੀਪ ਸਿੰਘ (ਵਾਰਿਸ ਪੰਜਾਬ ਅਕਾਲੀ ਦਲ)**



ਭਾਈ ਮਨਦੀਪ ਸਿੰਘ (ਭਰਾਤਾ ਭਾਈ ਸੰਦੀਪ ਸਿੰਘ ਸੰਨੀ)
ਉਮੀਦਵਾਰ, ਵਿਧਾਨ ਸਭਾ ਹਲਕਾ ਤਰਨ-ਤਾਰਨ

ਆਵਾਜ਼ਿ ਕੌਮ AWAZE QAUM International Newspaper & WEB TV

--★ ਜਾਰੀ ਕਰਤਾ ★--

## ਇੰਟਰਨੈਸ਼ਨਲ ਪੰਥਕ ਦਲ

ਭਾਈ ਪਰਮਜੀਤ ਸਿੰਘ ਢਾਡੀ — ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ
ਭਾਈ ਰਘਵੀਰ ਸਿੰਘ — ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ.
ਭਾਈ ਕਪਤਾਨ ਸਿੰਘ — ਜਰਨਲ ਸਕੱਤਰ ਤੇ ਮੁੱਖ ਬੁਲਾਰਾ, ਯੂ.ਕੇ.

# ਨਵੰਬਰ 1984 ’ਚ ਬੇਦੋਸ਼ੇ ਸਿੱਖਾਂ ਦਾ ਦਿੱਲੀ ’ਚ ਕਤਲੇਆਮ ਕਰਨ ਵਾਲ਼ੇ ਦੁਸ਼ਟਾਂ ਦੀ ਸੂਚੀ

ਹਿੰਦੂ ਹੁਕਮਰਾਨਾਂ ਨੇ ਸਿੱਖ ਕੌਮ ਨਾਲ਼ ਪੰਜ ਸਦੀਆਂ ਦਾ ਵੈਰ ਕੱਢਣ ਲਈ, ਸਿੱਖੀ ਸਵੈਮਾਣ ਤੇ ਅਣਖ਼ ਨੂੰ ਰੋਲਣ ਲਈ, ਧਰਮ ਯੁੱਧ ਮੋਰਚੇ ਨੂੰ ਕੁਚਲਣ ਲਈ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਅਤੇ ਉਹਨਾਂ ਦੇ ਜੁਝਾਰੂ ਸਿੰਘਾਂ ਨੂੰ ਖਤਮ ਕਰਨ ਲਈ ਪਹਿਲਾਂ ਜੂਨ 1984 ’ਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਅਨੇਕਾਂ ਗੁਰਦੁਆਰਿਆਂ ’ਤੇ ਫ਼ੌਜੀ ਹਮਲਾ ਕਰਕੇ ਸਿੱਖ ਸੰਗਤਾਂ ਦਾ ਵਹਿਸ਼ੀਆਨਾ ਕਤਲੇਆਮ ਕੀਤਾ। ਫਿਰ ਨਵੰਬਰ 1984 ’ਚ ਦਿੱਲੀ, ਕਾਨਪੁਰ, ਇਟਾਵਾ, ਬੋਕਾਰੋ, ਇੰਦੌਰ, ਉੜੀਸਾ, ਕਲਕੱਤਾ, ਪੱਛਮੀ ਬੰਗਾਲ, ਬਿਹਾਰ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਅਤੇ ਜੰਮੂ ਤੋਂ ਇਲਾਵਾ ਤਕਰੀਬਨ 110 ਸ਼ਹਿਰਾਂ ’ਚ ਸਿੱਖਾਂ ਦੀ ਭਾਰੀ ਕਤਲੇਆਮ ਕੀਤਾ। ਫਿਰਕੂ ਹਿੰਦੂਤਵੀਆਂ ਵੱਲੋਂ ਗੁਰਦੁਆਰਿਆਂ ਨੂੰ ਅੱਗਾਂ ਲਾਈਆਂ ਗਈਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੇਕਾਂ ਸਰੂਪਾਂ ਨੂੰ ਵੀ ਅਗਨ ਭੇਟ ਕੀਤਾ ਗਿਆ, ਸਿੱਖਾਂ ਦੇ ਗਲਾਂ ’ਚ ਬਲ਼ਦੇ ਟਾਇਰ ਪਾ ਕੇ ਜਿਉਂਦੇ ਸਾੜਿਆ ਗਿਆ, ਸਿੱਖ ਬੀਬੀਆਂ ਨਾਲ਼ ਬਲਾਤਕਾਰ ਕੀਤੇ ਗਏ, ਦੁੱਧ ਪੀਂਦੇ ਬੱਚਿਆਂ ਦੇ ਸਰੀਰਾਂ ’ਚ ਵੀ ਸਰੀਏ ਖੋਭ ਦਿੱਤੇ ਗਏ, ਸਿੱਖਾਂ ਦੇ ਮਕਾਨਾਂ-ਦੁਕਾਨਾਂ ਨੂੰ ਸਾੜਿਆ-ਫੂਕਿਆ ਗਿਆ, ਜਾਇਦਾਦਾਂ-ਨਗਦੀ ਆਦਿਕ ਲੁੱਟ ਲਈ ਗਈ। ਇਸ ਕਤਲੇਆਮ ਨੂੰ ਰੋਕਣ ਦੀ ਬਜਾਏ ਰਾਜੀਵ ਗਾਂਧੀ ਨੇ ਬਿਆਨ ਦਿੱਤਾ ਕਿ ‘ਜਬ ਕੋਈ ਬੜਾ ਪੇੜ ਗਿਰਤਾ ਹੈ ਤੋ ਧਰਤੀ ਹਿੱਲਤੀ ਹੀ ਹੈ।’ ਸਿੱਖ ਹੋਣਾ ਹੀ ਇਸ ਦੇਸ਼ ’ਚ ਜੁਰਮ ਬਣ ਗਿਆ, ਪੁਲੀਸ ਨੇ ਹਿੰਦੂ ਭੀੜਾਂ ਦੀ ਖੁੱਲ੍ਹ ਕੇ ਮਦਦ ਕੀਤੀ, ਸੁਰੱਖਿਆ ਦੇ ਨਾਂਅ ’ਤੇ ਸਿੱਖਾਂ ਦੇ ਘਰਾਂ ’ਚੋਂ ਕਿਰਪਾਨਾਂ-ਚਾਕੂ-ਡਾਂਗਾਂ ਵੀ ਚੁੱਕ ਕੇ ਲੈ ਗਈ, ਕਾਂਗਰਸ ਦੇ ਵੱਡੇ ਹਿੰਦੂ ਨੇਤਾ ਇਹਨਾਂ ਭੂਤਰੇ ਗੁੰਡਿਆਂ ਨੂੰ ਵੱਧ ਤੋਂ ਵੱਧ ਸਿੱਖਾਂ ਦਾ ਕਤਲ ਕਰਨ ਦੀਆਂ ਹਦਾਇਤਾਂ ਦੇ ਰਹੇ ਸਨ, ਕਾਤਲਾਂ ਨੂੰ ਸਿੱਖਾਂ ਦੇ ਘਰਾਂ ਦੀ ਨਿਸ਼ਾਨਦੇਹੀ ਲਈ ਵੋਟਰ ਸੂਚੀਆਂ ਅਤੇ ਰਾਸ਼ਨ ਕਾਰਡ ਵਾਲ਼ੀਆਂ ਸੂਚੀਆਂ ਮੁਹੱਈਆ ਕਰਵਾਈਆਂ ਗਈਆਂ ਅਤੇ ਇਹਨਾਂ ਭੈੜੀ ਬਿਰਤੀ ਵਾਲ਼ੇ ਲੋਕਾਂ ਨੂੰ ਸ਼ਰਾਬ, ਪੈਸਾ, ਹਥਿਆਰ, ਮਿੱਟੀ ਦਾ ਤੇਲ, ਪੈਟਰੋਲ, ਫ਼ਾਸਫੋਰਸ ਵੰਡਿਆ ਗਿਆ। ਦਿੱਲੀ ਦੀਆਂ ਸੜਕਾਂ ’ਤੇ ਹਰ ਥਾਂ ਸਿੱਖਾਂ ਦੀਆਂ ਲਾਸ਼ਾਂ ਹੀ ਲਾਸ਼ਾਂ, ਲੰਮੇ ਵਾਲ, ਮਾਸ ਦੇ ਲੋਥੜੇ, ਮਨੁੱਖੀ ਹੱਡੀਆਂ, ਖ਼ੂਨ ਦੇ ਅੱਥਰੂ, ਬੱਚਿਆਂ ਦੀ ਚੀਕਾਂ, ਵਿਧਵਾਵਾਂ ਦਾ ਰੋਣਾ-ਚਿਲਾਉਣਾ ਸੁਣਾਈ ਦੇ ਰਿਹਾ ਸੀ। ਜਦੋਂ ਸਿੱਖ ਰੋ-ਕੁਰਲਾ ਰਹੇ ਸਨ, ਸਿੱਖਾਂ ਦੇ ਹਰ ਘਰ ’ਚ ਸ਼ਮਸ਼ਾਨਘਾਟ ਬਣ ਗਿਆ ਸੀ ਤਾਂ ਓਦੋਂ ਇੰਦਰਾ ਗਾਂਧੀ ਦੇ ਮਰਨ ਦਾ ਹਿੰਦੂ ਸੋਗ ਜਾਂ ਮਾਤਮ ਨਹੀਂ ਸੀ ਮਨਾ ਰਹੇ ਸਗੋਂ ਸਿੱਖਾਂ ਦਾ ਕਤਲੇਆਮ ਕਰਕੇ ਭੰਗੜੇ ਪਾ ਰਹੇ ਸੀ, ਖ਼ੁਸ਼ੀਆਂ ਮਨਾ ਰਹੇ ਸੀ, ਰੱਜ ਕੇ ਸ਼ਰਾਬਾਂ ਪੀ ਰਹੇ ਸੀ। ਜਿਨ੍ਹਾਂ ਕੱਟੜਵਾਦੀ ਹਿੰਦੂਆਂ, ਸਿਆਸੀ ਨੇਤਾਵਾਂ, ਪੁਲੀਸ ਅਧਿਕਾਰੀਆਂ, ਚੋਰਾਂ, ਲੁਟੇਰਿਆਂ, ਕਾਤਲਾਂ, ਬਦਮਾਸ਼ਾਂ, ਭੰਗੀਆਂ ਨੇ ਦਿੱਲੀ ’ਚ ਸਿੱਖਾਂ ਦਾ ਕਤਲੇਆਮ ਕੀਤਾ, ਭੀੜ ਨੂੰ ਉਕਸਾਇਆ ਆਦਿਕ ਉਹਨਾਂ ਵਿੱਚੋਂ ਕਈਆਂ ਦੇ ਨਾਮ ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀ ਵੱਲੋਂ ਨਸ਼ਰ ਕੀਤੇ ਗਏ ਸਨ ਜੋ ਸ. ਸੁਰਜੀਤ ਸਿੰਘ ‘ਸੋਖੀ’ ਨੇ ‘ਸਿੱਖਾਂ ਦਾ ਕਤਲੇਆਮ’ ਕਿਤਾਬ ’ਚ ਦਰਜ ਕੀਤੇ ਹਨ। “ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਐੱਚ.ਕੇ.ਐੱਲ. ਭਗਤ ਜਿਸ ਨੇ 5 ਨਵੰਬਰ ਨੂੰ ਉਹਨਾਂ ਵਿਅਕਤੀਆਂ ਨੂੰ ਸ਼ਾਹਦਰਾ ਥਾਣੇ ਤੋਂ ਰਿਹਾਅ ਕਰਵਾਇਆ ਜਿਨ੍ਹਾਂ ਨੂੰ ਕਤਲੇਆਮ ਕਰਨ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਬਾਬੂ ਰਾਮ ਸ਼ਰਮਾ (ਮੈਂਬਰ ਮਿਊਂਸੀਪਲ ਕਾਰਪੋਰੇਸ਼ਨ) ਜਿਸ ਨੇ ਦਰਿਆ ਜਮਨਾ ਤੋਂ ਪਾਰ ਦੇ ਇਲਾਕੇ ਛੱਜੂਪੁਰ ਕਲੋਨੀ, ਮੌਜਪੁਰ ਅਤੇ ਗੋਡਾ ਵਿੱਚ ਲੁੱਟ-ਮਾਰ, ਸਾੜ-ਫੂਕ ਅਤੇ ਕਤਲੇਆਮ ਕਰਵਾਇਆ। ਮੰਗੋਲਪੁਰੀ ਤੋਂ ਕਾਂਗਰਸ ਦਾ ਐੱਮ.ਪੀ. ਸੱਜਣ ਕੁਮਾਰ ਜਿਸ ਨੇ ਕਤਲੇਆਮ ਵਿੱਚ ਭਾਗ ਲੈਣ ਵਾਲ਼ੇ ਹਰੇਕ ਵਿਅਕਤੀ ਨੂੰ ਇੱਕ ਸ਼ਰਾਬ ਦੀ ਬੋਤਲ ਅਤੇ 100 ਰੁਪਏ ਇਨਾਮ ਵਜੋਂ ਦਿੱਤੇ। ਕਾਂਗਰਸ ਦਾ ਟਰੇਡ ਯੂਨੀਅਨ ਨੇਤਾ ਅਤੇ ਮੈਟਰੋਪੋਲੀਟਨ ਕੌਂਸਲਰ ਲਲਿਤ ਮਾਕਨ ਉਸ ਨੇ ਵੀ ਹਰੇਕ ਗੁੰਡੇ ਨੂੰ 100 ਰੁਪਏ ਅਤੇ ਇੱਕ ਸ਼ਰਾਬ ਦੀ ਬੋਤਲ ਦਿੱਤੀ। ਉਸ ਦੀ ਚਿੱਟੀ ਐਮਬੈਸਡਰ ਕਾਰ 4 ਵਾਰ ਜੀ.ਟੀ. ਰੋਡ ਏਰੀਏ ਵਿੱਚ ਆਜ਼ਾਦਪੁਰ ਵਿੱਚ ਆਈ। ਕਾਰ ’ਚੋਂ ਹੀ ਗੁੰਡਿਆਂ ਨੂੰ ਸਾੜ-ਫੂਕ ਅਤੇ ਕਤਲੇਆਮ ਦੇ ਸਬੰਧ ਵਿੱਚ ਹਦਾਇਤਾਂ ਦਿੱਤੀਆਂ ਗਈਆਂ। ਕਰੋਲ ਬਾਗ ਹਲਕੇ ਤੋਂ ਕਾਂਗਰਸ ਦਾ ਐੱਮ.ਪੀ. ਧਰਮ ਦਾਸ ਸ਼ਾਸਤਰੀ ਜਿਸ ਨੇ ਪ੍ਰਕਾਸ਼ ਨਗਰ ’ਚ ਸਿੱਖਾਂ ਦੀ ਸ਼ਨਾਖਤ, ਵੋਟਰ ਲਿਸਟ ਤੋਂ ਕੀਤੀ। ਅਖ਼ਬਾਰਾਂ ਵਿੱਚ ਛਪੀਆਂ ਖ਼ਬਰਾਂ ਅਨੁਸਾਰ 5 ਨਵੰਬਰ ਨੂੰ ਉਸ ਨੇ ਪੁਲੀਸ ਵੱਲੋਂ ਲੁੱਟੀ ਹੋਈ ਸੰਪਤੀ ਬਰਾਮਦ ਕਰਨ ਲਈ ਛਾਪਿਆਂ ਦੌਰਾਨ ਫੜੇ ਗਏ ਗੁੰਡਿਆਂ ਨੂੰ ਰਿਹਾਅ ਕਰਾਉਣ ਲਈ ਕਰੋਲ ਬਾਗ ਦੇ ਐੱਸ.ਐੱਚ.ਓ. ’ਤੇ ਦਬਾਅ ਪਾਇਆ। ਸਦਰ ਹਲਕੇ ਤੋਂ ਕਾਂਗਰਸ ਦਾ ਐੱਮ.ਪੀ. ਜਗਦੀਸ਼ ਟਾਈਟਲਰ 6 ਨਵੰਬਰ ਨੂੰ ਸ਼ਾਮੀਂ 5 ਵਜੇ ਪੁਲੀਸ ਕਮਿਸ਼ਨਰ ਐੱਸ.ਸੀ. ਟੰਡਨ ਵੱਲੋਂ ਕੀਤੀ ਗਈ ਪ੍ਰੈੱਸ ਕਾਨਫ਼ਰੰਸ ਵਿੱਚ ਵੀ ਮੌਜੂਦ ਸੀ ਤੇ ਇੱਕ ਜਰਨਲਿਸਟ ਅਨੁਸਾਰ ਜਗਦੀਸ਼ ਟਾਈਟਲਰ ਨੇ ਪੁਲੀਸ ਕਮਿਸ਼ਨਰ ਨੂੰ ਦੱਸਿਆ ਕਿ ਉਸ ਦੇ ਹਮਾਇਤੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਕਾਰਨ ਰਾਹਤ ਕਾਰਜਾਂ ਦੇ ਰਸਤੇ ਵਿੱਚ ਰੁਕਾਵਟ ਪਈ ਹੋਈ ਹੈ। ਮੈਟਰੋਪੋਲੀਟਨ ਕੌਂਸਲਰ ਮਹਿੰਦਰਾ ਜੋ ਧਰਮ ਦਾਸ ਸ਼ਾਸਤਰੀ ਦੇ ਨਾਲ਼ ਵੋਟਰ ਲਿਸਟ ਲੈ ਕੇ ਗਿਆ। ਡਾਕਟਰ ਅਸ਼ੋਕ ਕੁਮਾਰ (ਮੈਂਬਰ ਮਿਊਂਸੀਪਲ ਕਾਰਪੋਰੇਸ਼ਨ) ਉਸ ਨੇ ਕਲਿਆਣਪੁਰੀ ਵਿੱਚ ਮੀਟਿੰਗ ਕੀਤੀ ਅਤੇ ਉਸ ਤੋਂ ਤੁਰੰਤ ਬਾਅਦ ਹਿੰਸਾ ਭੜਕ ਉੱਠੀ। ਬਹੁਤ ਸਾਰੇ ਦਰਸ਼ਕਾਂ ਅਨੁਸਾਰ ਉਸ ਨੇ ਭੜਕੀ ਹੋਈ ਭੀੜ ਦੀ ਅਗਵਾਈ ਕੀਤੀ ਜਿਸ ਨੇ ਲੁੱਟ-ਮਾਰ, ਸਾੜ-ਫੂਕ, ਬਲਾਤਕਾਰ ਅਤੇ ਕਤਲ ਕੀਤੇ। ਸੁਖਨ ਲਾਲ ਸੂਦ ਮੈਟਰੋਪੋਲੀਟਨ ਕੌਂਸਲਰ ਉਸ ਨੇ ਵੀ ਲੁੱਟ-ਮਾਰ ਕਰਨ ਵਾਲ਼ੇ ਗੁੰਡਿਆਂ ਦੀ ਅਗਵਾਈ ਕੀਤੀ। ਉਸ ਕੋਲ਼ ਪੈਟਰੋਲ ਅਤੇ ਇਲਾਕੇ ਵਿੱਚ ਵੱਸਦੇ ਸਿੱਖਾਂ ਦੀਆਂ ਸੂਚੀਆਂ ਸਨ। ਜਦੋਂ ਸੁਖਨ ਲਾਲ ਸੂਦ ਸ਼ਕਰਪੁਰ ਦੇ ਰਿਲੀਫ ਕੈਂਪ ਵਿੱਚ ਸ਼ਰਨਾਰਥੀਆਂ ’ਚ ਮਠਿਆਈ ਵੰਡਣ ਲਈ ਆਇਆ ਤਾਂ ਔਰਤਾਂ ਨੇ ਉਸ ਨੂੰ ਪਹਿਚਾਣ ਲਿਆ ਅਤੇ ਉਸ ਨੂੰ ਓਥੋਂ ਦੌੜਾ ਦਿੱਤਾ ਗਿਆ। ਜਗਦੀਸ਼ ਚੰਦਰ ਤੋਕਾਸ (ਮੈਂਬਰ ਮਿਊਂਸੀਪਲ ਕਾਰਪੋਰੇਸ਼ਨ, ਮੁਨਿਰਕਾ, ਵਾਰਡ ਨੰਬਰ 14) ਆਰ.ਕੇ. ਪੁਰਮ ਦੇ ਸੈਕਟਰ 4 ਅਤੇ 5 ਵਿੱਚ ਗੁੰਡਿਆਂ ਦੀ ਅਗਵਾਈ ਕੀਤੀ। ਈਸ਼ਵਰ ਸਿੰਘ (ਮੈਂਬਰ ਮਿਊਂਸੀਪਲ ਕਾਰਪੋਰੇਸ਼ਨ, ਮੰਗੋਲਪੁਰੀ, ਵਾਰਡ ਨੰਬਰ 37) ਨੇ ਵੀ ਲੁੱਟ-ਮਾਰ ਕਰਨ ਵਾਲ਼ੇ ਗੁੰਡਿਆਂ ਦੀ ਅਗਵਾਈ ਕੀਤੀ। ਦਿੱਲੀ ਯੂਥ ਕਾਂਗਰਸ ਦਾ ਨੇਤਾ ਬਲਵੰਤ ਖੋਖਰ ਉਸ ਨੇ ਪਾਲਮ ਕਲੋਨੀ ਏਰੀਏ ’ਚ ਲੁੱਟ-ਮਾਰ ਕਰਾਉਣ ਲਈ ਪ੍ਰਬੰਧ ਕੀਤਾ। ਸ਼ਕਰਪੁਰ ਦੇ ਸ਼ਰਨਾਰਥੀਆਂ ਦੇ ਕੈਂਪ ਅਤੇ ਮੰਗੋਲਪੁਰੀ ਵਿੱਚ ਸ਼ਰਨਾਰਥੀਆਂ ਦੇ ਕੈਂਪ ’ਚ ਰਹਿੰਦੇ ਸਿੱਖਾਂ ਨੇ ਦੱਸਿਆ ਕਿ ਦਿੱਲੀ ਯੂਥ ਕਾਂਗਰਸ ਦਾ ਨੇਤਾ ਫ਼ੈਜ਼ ਮੁਹੰਮਦ ਵੀ ਲੁੱਟਮਾਰ ਅਤੇ ਸਾੜ-ਫੂਕ ਵਾਲ਼ਿਆਂ ਦੇ ਨਾਲ਼ ਸੀ। ਪਾਲਮ ਏਰੀਆ ਕਲੋਨੀ ਦੇ ਇਲਾਕੇ ਵਿੱਚ ਗੜਬੜ ਵਿੱਚ ਭਾਗ ਲੈਣ ਵਾਲ਼ਿਆਂ ’ਚ ਦਿੱਲੀ ਦੇ ਯੂਥ ਕਾਂਗਰਸ ਦਾ ਨੇਤਾ ਰਤਨ ਵੀ ਸੀ। ਯੂਥ ਕਾਂਗਰਸ ਦਾ ਨੇਤਾ ਸਤਬੀਰ ਸਿੰਘ ਉਸ ’ਤੇ ਬੇਰ ਸਰਾਏ ਤੋਂ ਹਥਿਆਰਬੰਦ ਵਿਅਕਤੀ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ’ਚ ਲਿਆਉਣ ਦਾ ਦੋਸ਼ ਹੈ। ਇਸ ਹਜੂਮ ’ਤੇ ਸਕੂਲ ਦੀਆਂ ਬੱਸਾਂ ਅਤੇ ਸਕੂਲ ਦੀ ਇਮਾਰਤ ਸਾੜਨ ਦਾ ਦੋਸ਼ ਹੈ। ਉਸ ’ਤੇ ਖ਼ੁਦ ਆਪ ਵੀ 1 ਨਵੰਬਰ ਦੀ ਰਾਤ ਨੂੰ ਸਿੱਖਾਂ ਨੂੰ ਕੁੱਟ-ਮਾਰ ਕਰਨ ਅਤੇ ਲੁੱਟਮਾਰ ਕਰਨ ਦਾ ਦੋਸ਼ ਹੈ। ਹੇਠਾਂ ਉਹਨਾਂ ਪੁਲੀਸ ਕਰਮਚਾਰੀਆਂ ਦੀ ਸੂਚੀ ਹੈ ਜਿਨ੍ਹਾਂ ਨੇ ਡਿਊਟੀ ਦੀ ਲਾਪ੍ਰਵਾਹੀ ਕੀਤੀ, ਹਮਲਾਵਰਾਂ ਦੀ ਮਦਦ ਕੀਤੀ ਅਤੇ ਹਿੰਸਕ ਕਾਰਵਾਈਆਂ ’ਚ ਭਾਗ ਲਿਆ। ਮਲਹੋਤਰਾ (ਏ.ਸੀ.ਪੀ. ਈਸਟ ਡਿਸਟ੍ਰਿਕਟ ਸ਼ਕਰਪੁਰ) ਉੱਤੇ ਲੋਕਾਂ ਦੀ ਭੀੜ ਇਕੱਠੀ ਕਰਨ ਦਾ ਦੋਸ਼ ਹੈ, ਉਸ ਨੇ ਭੜਕੇ ਹੋਏ ਲੋਕਾਂ ਨੂੰ ਕਿਹਾ ਕਿ ਤੁਸੀਂ ਐੱਮ. ਬਲਾਕ ਸ਼ਕਰਪੁਰ ਦੇ ਕਾਂਗਰਸੀ ਵਰਕਰ ਤਰਲੋਚਨ ਸਿੰਘ ਭਾਟੀਆ ਨੂੰ ਮਾਰਨ ਤੋਂ ਬਿਨਾਂ ਗੁਰਦੁਆਰਾ ਉਡਾ ਦਿਉ। ਭੀੜ ਨਾਲ਼ ਮਲਹੋਤਰਾ ਵੀ ਗਿਆ। ਭੀੜ ਕੋਲ਼ ਇੱਕ ਜੀਪ, ਸਟੇਸ਼ਨ ਵੈਗਨਾਂ, ਸਟੇਨਗੰਨ ਵਾਲ਼ੇ ਅਤੇ ਰਿਵਾਲਵਰ ਵਾਲ਼ੇ 2 ਵਿਅਕਤੀ, ਪੈਟਰੋਲ ਦੀਆਂ ਕੈਨੀਆਂ ਅਤੇ ਪੱਥਰ ਸਨ। ਮਲਹੋਤਰਾ ਨੇ ਭੜਕੀ ਹੋਈ ਭੀੜ ’ਚ ਹਥਿਆਰ ਵੰਡੇ। ਉਸ ਵਿਰੁੱਧ ਲਕਸ਼ਮੀ ਨਗਰ, ਗੁਰੂ ਨੰਗਲ ਨਗਰ, ਜੋ ਸ਼ਾਹਦਰਾ ਥਾਣੇ ’ਚ ਹੈ, ਦੇ ਲੋਕਾਂ ਨੂੰ ਭੜਕਾਉਣ ਦਾ ਵੀ ਦੋਸ਼ ਹੈ। ਜੈ ਸਿੰਘ ਐੱਸ.ਐੱਚ.ਓ. ਨੇ ਗੜਬੜ ਵਾਲ਼ੇ ਇਲਾਕੇ ਦੇ ਭੜਕੇ ਹੋਏ ਲੋਕਾਂ ਨੂੰ ਕਿਹਾ ਕਿ ਉਹ ਤਿੰਨ ਦਿਨ ਜੋ ਚਾਹੁਣ ਕਰ ਸਕਦੇ ਹਨ। ਸੁਲਤਾਨਪੁਰ ਥਾਣੇ ਦੇ ਐੱਸ.ਐੱਚ.ਓ. ਰਾਓ ਰਾਮ ਮੋਹਰ ਨੇ ਸਿੱਖਾਂ ਤੋਂ ਲਾਇਸੈਂਸੀ ਹਥਿਆਰ ਖੋਹ ਕੇ ਗੁੰਡਿਆਂ ਦੀ ਮਦਦ ਕੀਤੀ। ਰਾਓ ਰਾਮ ਨੇ 1 ਅਤੇ 2 ਨਵੰਬਰ ਨੂੰ ਸਿੱਖਾਂ ਨੂੰ ਕਤਲ ਕੀਤਾ ਅਤੇ 3 ਅਤੇ 4 ਨਵੰਬਰ ਨੂੰ ਭੜਕੀ ਹੋਈ ਭੀੜ ਨੂੰ ਭੜਕਾ ਕੇ ਸਿੱਖਾਂ ਦੀਆਂ ਦੁਕਾਨਾਂ ਅਤੇ ਮਕਾਨਾਂ ਨੂੰ ਅੱਗ ਲਗਾਈ। ਇੰਝ ਹੀ ਸੁਲਤਾਨਪੁਰ ਥਾਣੇ ਦੇ ਐੱਸ.ਐੱਚ.ਓ. ਹਰੀ ਰਾਮ ਭੱਟੀ ’ਤੇ ਵੀ ਸਿੱਖਾਂ ਤੋਂ ਲਾਇਸੰਸੀ ਹਥਿਆਰ ਲੈ ਕੇ ਭੜਕੀ ਹੋਈ ਭੀੜ ਦੀ ਮਦਦ ਕਰਨ ਦਾ ਦੋਸ਼ ਹੈ। ਉਸ ਨੇ 1 ਅਤੇ 2 ਨਵੰਬਰ ਨੂੰ ਆਪ ਸਿੱਖਾਂ ਨੂੰ ਕਤਲ ਕੀਤਾ ਅਤੇ 3 ਅਤੇ 4 ਨਵੰਬਰ ਨੂੰ ਬੰਦੂਕ ਦੀ ਨੋਕ ’ਤੇ ਸਿੱਖਾਂ ਦੇ ਕੇਸ ਕਤਲ ਕਰਾਏ। ਰਵਤਾਸ ਐੱਸ.ਐੱਚ.ਓ. ਸਦਰ ਥਾਣੇ ਉੱਤੇ ਸਿੱਖਾਂ ਦੇ ਘਰਾਂ ਵਿੱਚ ਦਾਖ਼ਲ ਹੋ ਕੇ ਭੰਨਤੋੜ ਕਰਨ ਦਾ ਦੋਸ਼ ਹੈ। ਸੂਰਵੀਰ ਸਿੰਘ ਐੱਸ.ਐੱਚ.ਓ. ਕਲਿਆਣਪੁਰੀ ਥਾਣੇ ’ਤੇ 1 ਨਵੰਬਰ ਨੂੰ ਬਾਅਦ ਦੁਪਹਿਰ ਢਾਈ ਵਜੇ ਇਸ ਥਾਣੇ ਦੀ ਕਲੋਨੀ ਲੋਕਪੁਰੀ ਵਿੱਚ ਪਹੁੰਚ ਕੇ ਮੌਕੇ ’ਤੇ ਤਾਇਨਾਤ ਇੱਕ ਹਵਾਲਦਾਰ ਅਤੇ ਸਿਪਾਹੀ ਨੂੰ ਹਟਾ ਕੇ ਗੁੰਡਿਆਂ ਨੂੰ ਲੁੱਟਮਾਰ ਅਤੇ ਸਾੜਫੂਕ ਕਰਨ ਦੀ ਖੁੱਲ੍ਹੀ ਛੋਟ ਦੇਣ ਦਾ ਦੋਸ਼ ਹੈ। ਸ਼ਰਨਾਰਥੀਆਂ ਨੇ ਦੱਸਿਆ ਕਿ ਦੁਰਗਾਪੁਰੀ ਦੇ ਐੱਸ.ਆਈ. ਆਰ.ਡੀ. ਸਿੰਘ ਨੇ ਗੁਰਦੁਆਰਾ ਲੋਨੀ ਰੋਡ ਦੇ ਸਿੱਖਾਂ ਨੂੰ ਆਪ ਕੁੱਟਿਆ ਅਤੇ ਕਤਲ ਕੀਤਾ। ਆਰ.ਕੇ. ਪੁਰਮ ਸੈਕਟਰ 4 ਦਾ ਐੱਸ.ਐੱਚ.ਓ. ਅਤੇ ਸਿਪਾਹੀਆਂ ਨੂੰ ਬੇਰ ਸਰਾਏ ਦੇ ਇਲਾਕੇ ਦੇ 2 ਸਿੱਖਾਂ ਨੇ ਆਪਣੀਆਂ ਜਾਨਾਂ ਬਚਾਉਣ ਲਈ ਅਪੀਲ ਕੀਤੀ ਪਰ ਉਹਨਾਂ ਨੇ ਕੋਈ ਮਦਦ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਇਹਨਾਂ ਪੰਜ ਪੁਲੀਸ ਅਧਿਕਾਰੀਆਂ ਨੇ ਹਿੰਸਾ ਨੂੰ ਭੜਕਾ ਕੇ ਹਿੰਸਕ ਕਾਰਵਾਈਆਂ ਕੀਤੀਆਂ:- ਤਿਆਗੀ ਐੱਸ.ਐਚ.ਓ. ਤ੍ਰਿਲੋਕਪੁਰੀ, ਰਾਣਾ ਇੰਸਪੈਕਟਰ ਤ੍ਰਿਲੋਕਪੁਰੀ, ਮੂਲ ਚੰਦ ਐੱਸ.ਆਈ. ਸ਼ਕਰਪੁਰ, ਬਖ਼ਸ਼ੀ ਏ.ਐੱਸ.ਆਈ. ਤ੍ਰਿਲੋਕਪੁਰੀ, ਰਾਜਵੀਰ ਸਿੰਘ ਹੈੱਡ ਕਾਂਸਟੇਬਲ (ਕਲਿਆਣਪੁਰੀ ਥਾਣਾ) ਤ੍ਰਿਲੋਕਪੁਰੀ। ਹੇਠਾਂ ਉਹਨਾਂ ਲੋਕਾਂ ਦੇ ਨਾਂਅ ਜਿਨ੍ਹਾਂ ਨੇ ਲੁੱਟਮਾਰ, ਸਾੜਫੂਕ, ਹੋਰ ਹਿੰਸਕ ਅਤੇ ਮੁਜਰਮਾਨਾਂ ਕਾਰਵਾਈਆਂ ਕੀਤੀਆਂ। ਤ੍ਰਿਲੋਕਪੁਰੀ ਇਲਾਕੇ ਦੇ ਬਲਾਕ 3 ’ਚ ਪਪੀਤਾ (ਜੋ ਰਿੰਗ ਲੀਡਰ ਸੀ ਇਸ ਨੇ ਬਹੁਤ ਕਤਲ ਕੀਤੇ)। ਬਲਾਕ 12 ’ਚ ਬ੍ਰਾਹਮਨੀ (ਮਿਸ਼ਰਾਨੀ) ਸ਼ਾਸਤਰੀ। ਬਲਾਕ 14 ’ਚ ਬਾਲੇਸ਼ਵਰ ਭਾਰਗੀ ਉਰਫ ਕਾਲੂ ਅਤੇ ਬਾਲ ਕਿਸ਼ਨ। ਬਲਾਕ 21 ’ਚ ਬਿਹਾਰੀ ਧੋਬੀ। ਬਲਾਕ 25 ’ਚ ਐੱਸ.ਡੀ. ਸ਼ਰਮਾ। ਬਲਾਕ 27 ’ਚ ਇਸਰਾਈ ਅਲੀ ਉਰਫ ਚੰਨੂ, ਸਲੀਮ ਜੋ ਇਲਾਕੇ ਦਾ ਬਦਨਾਮ ਗੁੰਡਾ ਸੀ ਅਤੇ ਸਿੱਖਾਂ ਨੂੰ ਕਤਲ ਕਰਨ ’ਚ ਸ਼ਾਮਲ ਸੀ, ਅਫੀਮ ਦਾ ਵਪਾਰੀ ਮੱਸਾ, ਡਾਕਟਰ ਯਹੀਆ ਸਦੀਕੀ ਜਿਸ ਨੇ ਹਥਿਆਰਬੰਦ ਹਿੰਦੂ ਭੀੜ ਦੀ ਅਗਵਾਈ ਕੀਤੀ, ਮਾਨੂੰ ਸਿੰਘ ਦੁਕਾਨਦਾਰ, ਸੋਨੀ ਰੇਲਵੇ ਵਰਕਰ, ਮੁਕੇਸ਼ ਜੋ ਸਿੱਖਾਂ ਦੇ ਘਰਾਂ ਦੀ ਲੁੱਟਮਾਰ ਤੇ ਕਤਲਾਂ ਵਿੱਚ ਸ਼ਾਮਲ ਸੀ। ਬਲਾਕ 29 ’ਚ ਮੁਕਰੀ ਮਾਸਟਰ ਦਰਜੀ ਇਹ ਵੀ ਸਿੱਖਾਂ ਦੇ ਕਤਲਾਂ ਵਿੱਚ ਸ਼ਾਮਲ ਸੀ। ਨੂਰ ਜਹਾਂ ਇਸ ਨੇ ਇਹ ਅਫਵਾਹ ਫੈਲਾਅ ਕੇ ਮੁਸਲਮਾਨਾਂ ਨੂੰ ਭੜਕਾਇਆ ਕਿ ਸਿੱਖਾਂ ਨੇ ਮਸਜਿਦਾਂ ਨੂੰ ਅੱਗ ਲਗਾ ਦਿੱਤੀ ਹੈ। ਸੀਮੇਂਟ ਦਾ ਵਪਾਰੀ ਕੇਰਾਮਾਤ, ਟੀ ਵੀ ਦੁਕਾਨ ਦਾ ਮਾਲਕ ਸ਼ਬਨਮ, ਦਮੇਸ਼, ਪੰਜੂ, ਸਲੀਮ, ਅਬਾਸ, ਵੀਡੀਓ ਦੁਕਾਨ ਦਾ ਮਾਲਕ ਮੁਕਰੀ, ਹਸੀਨ। ਬਲਾਕ 31 ’ਚ ਕਰਮੂ ਦੀਨ (ਆਟੇ ਵਾਲ਼ੀ ਚੱਕੀ ਅਤੇ ਫਰਨੀਚਰ ਹਾਊਸ ਦਾ ਮਾਲਕ), ਨਿਆਮਤ ਅਲੀ, ਨਿਨਵ (ਚਾਹ ਦੇ ਖੋਖੇ ਦਾ ਮਾਲਕ), ਡਾਕਟਰ ਵੀ.ਪੀ. ਸਿੰਘ, ਦੂਲੀ ਚੰਦ ਸੋਸ਼ਲ ਵਰਕਰ। ਬਲਾਕ 32 ’ਚ ਰਾਮ ਲਾਲ ਸਰੋਜ (ਪ੍ਰਧਾਨ ਤੇ ਇੰਦਰਾ ਕਾਂਗਰਸ ਦਾ ਵਰਕਰ) ਇਸ ਨੇ ਗੁਪਾਲ ਸਿੰਘ, ਰਾਂਝਾ ਸਿੰਘ, ਮੇਕਲ ਸਿੰਘ ਨੂੰ ਕਤਲ ਕੀਤਾ। ਇਸ ਵਿਰੁੱਧ ਲੋਕਾਂ ਨੂੰ ਭੜਕਾਉਣ ਦਾ, ਬਲਾਤਕਾਰ ਅਤੇ ਸਾੜਫੂਕ ਕਰਨ ਦਾ ਵੀ ਦੋਸ਼ ਹੈ। ਕਿਸ਼ੋਰੀ ਲਾਲ ਅਤੇ ਇਸ ਦੇ ਚਾਰ ਭਰਾ ਸਰਵਨ, ਸ੍ਰੀ ਰਾਮ, ਛੋਟੇ ਅਤੇ ਕਮਲ ਇਨ੍ਹਾਂ ਸਾਰੇ ਭਰਾਵਾਂ ਦੀ ਇੱਕ ਮੀਟ ਦੀ ਦੁਕਾਨ ਹੈ, ਇਹਨਾਂ ਚਾਰ ਭਰਾਵਾਂ ’ਤੇ ਹੁਕਮ ਸਿੰਘ, ਤੀਰਥ ਸਿੰਘ, ਸੱਜਣ ਸਿੰਘ, ਸੋਮਾ ਸਿੰਘ ਅਤੇ ਤਾਰਾ ਸਿੰਘ ਨੂੰ ਕਤਲ ਕਰਨ ਦਾ ਦੋਸ਼ ਹੈ। ਜੈ ਰਾਮ ਸਾਂਸੀ ਅਤੇ ਉਸ ਦੀ ਵਹੁਟੀ ਦਰੋਪਦੀ ਇਹਨਾਂ ’ਤੇ ਸਾੜਫੂਕ, ਲੁੱਟ-ਮਾਰ ਅਤੇ ਕਤਲੇਆਮ ਵਿੱਚ ਭਾਗ ਲੈਣ ਦਾ ਦੋਸ਼ ਹੈ। ਖੜਕ ਸਿੰਘ ਪ੍ਰਧਾਨ, ਗਫਾਰ ਖਾਂ (ਸੀਮੇਂਟ ਦਾ ਵਪਾਰੀ), ਬਾਬੂ ਖਾਨ (ਡੇਅਰੀ ਦਾ ਮਾਲਕ), ਮਨੂੰ ਸਾਂਸੀ, ਆਸਾਮ, ਸੋਮਨਾਥ ਇਸ ’ਤੇ ਬਹੁਤ ਸਾਰੇ ਸਿੱਖਾਂ ਜਿਨ੍ਹਾਂ ਵਿੱਚ ਸ. ਹੁਸ਼ਿਆਰ ਸਿੰਘ ਸਪੁੱਤਰ ਸ. ਮਿਲਾਪ ਸਿੰਘ ਸ਼ਾਮਲ ਸਨ ਅਤੇ 3 ਹੋਰ ਸਿੱਖਾਂ ਨੂੰ ਇੱਕ ਮਕਾਨ ਵਿੱਚ ਡੱਕ ਕੇ ਅਤੇ ਬਾਅਦ ਵਿੱਚ ਕਤਲ ਕਰਨ ਦਾ ਦੋਸ਼ ਹੈ। ਅਜੀਤ, ਕਾਦਿਰ, ਮੋਗਾ, ਸਤੀ, ਤੈ ਸਾਂਸੀ, ਰੂਪ ਲਾਲ, ਓਮੀ ਚਮਾਰ ਮੋਚੀ, ਮੁਰਾਰੀ ਇਸ ਦੀ ਬਲਾਕ ਨੰਬਰ 31 ਵਿੱਚ ਕਰਿਆਨੇ ਦੀ ਦੁਕਾਨ ਸੀ, ਪਹਿਲਵਾਨ (ਰਸ਼ੀਦ ਦਾ ਭਰਾ), ਬਚਨ, ਅਜੀਜ਼, ਅਨਸਰ, ਕਲੋਖਾਨ ਢਾਬੇ ਦਾ ਮਾਲਕ, ਅਬਾਸ (ਬਲਾਕ 27 ਵਿੱਚ ਇਸ ਦੀ ਕੱਪੜੇ ਅਤੇ ਚੱਪਲਾਂ ਦੀ ਦੁਕਾਨ ਸੀ), ਡਾਕਟਰ ਲੰਬੋ, ਭਾਲੋ ਨਜਾਇਜ਼ ਸ਼ਰਾਬ ਵੇਚਣ ਦਾ ਧੰਦਾ ਕਰਦਾ ਸੀ, ਕਿਆਮਤ ਅਲੀ, ਰਾਜੂ (ਭੰਗੀ), ਜੱਗੀ, ਭਈਆ, ਮੁਰਲੀ ਖ਼ਾਨ, ਸ਼ੇਰ ਖਾਨ, ਰਾਜਾ ਰਾਮ, ਬਠੀਸ ਰਮੇਸ਼, ਬੰਸੂ ਰਾਮ। ਬਲਾਕ 33 ’ਚ ਪੱਪੂ, ਭੂਮ ਗੁੰਡਾ, ਗਿਆਨਾ ਵਿਦਿਆਰਥੀ, ਮੁਹੰਮਦ ਸਾਈਕਲਾਂ ਦੀ ਦੁਕਾਨ ਵਾਲ਼ਾ, ਬ੍ਰਿਜੂ, ਜਾਕਿਰ, ਕਮਲ ਸਿੰਘ ਰਿਕਸ਼ੇ ਵਾਲ਼ਾ, ਮੁਨਸ਼ੀ, ਰਸ਼ੀਦ ਇਸ ਦੀ ਬਲਾਕ 32 ਵਿੱਚ ਸਾਈਕਲ ਤੇ ਰਿਕਸ਼ੇ ਮੁਰੰਮਤ ਕਰਨ ਦੀ ਦੁਕਾਨ ਹੈ ਇਸ ’ਤੇ ਕਤਲੇਆਮ ਵਿੱਚ ਸ਼ਾਮਲ ਹੋਣ ਦਾ ਦੋਸ਼ ਹੈ। ਬਲਾਕ 34 ’ਚ ਮਹਿੰਦਰੂ ਅਤੇ ਉਸ ਦਾ ਭਰਾ ਰਤਨ, ਬਹਿਮ ਸ਼ਰਮਾ, ਮਹਿੰਦਰਪਾਲ, ਸ਼ੇਰ ਸਿੰਘ ਦੁਕਾਨਦਾਰ। ਬਲਾਕ 35 ’ਚ ਜੀਵਨ। ਬਾਲਕ 36 ’ਚ ਬੀ.ਬੀ. ਪਾਂਡੇ। ਹੋਰ ਬਲਾਕਾਂ ’ਚ ਡਾਕਟਰ ਆਰ. ਲਖਣੀ, ਅਬਦੁੱਲਾ, ਸੀਤਾ ਰਾਮ ਦੋਧੀ ਦੇ ਦੋ ਲੜਕੇ, ਇੱਕ ਮੁੱਲਾਂ ਜੋ ਤ੍ਰਿਲੋਕਪੁਰੀ ਦੀ ਇੱਕ ਮਸਜਿਦ ਵਿੱਚ ਰਹਿੰਦਾ ਹੈ ਅਤੇ ਬੱਚਿਆਂ ਨੂੰ ਪੜ੍ਹਾਉਂਦਾ ਹੈ ਉਸ ’ਤੇ ਮੁਸਲਮਾਨਾਂ ਨੂੰ ਤ੍ਰਿਲੋਕਪੁਰੀ ਦੇ ਗੁਰਦੁਆਰੇ ਸਾੜਨ ਲਈ ਭੜਕਾਉਣ ਦਾ ਦੋਸ਼ ਹੈ। ਰੋਹਤਸ, ਰਿਸ਼ੀ, ਕਿਰਪਾਲ (ਤਿੰਨੋਂ ਜ਼ਿਮੀਂਦਾਰ ਅਤੇ ਗਵਾਲੇ), ਲਖਣ, ਬ੍ਰਹਮ ਇਸ ਦੀ ਤ੍ਰਿਲੋਕਪੁਰੀ ਵਿੱਚ ਚਾਹ ਦੀ ਦੁਕਾਨ ਹੈ। ਛਬਨ ਅਤੇ ਮੁਨੀਮ ਦੀ ਤ੍ਰਿਲੋਕਪੁਰੀ ਵਿੱਚ ਮਸੀਤ ਦੇ ਨੇੜੇ ਕੱਪੜੇ ਅਤੇ ਦਰਜ਼ੀ ਦੀ ਦੁਕਾਨ ਹੈ ਇਹਨਾਂ ਨੇ ਸ. ਦਲੀਪ ਸਿੰਘ ਨੂੰ ਕਤਲ ਕੀਤਾ, ਬਾਬੂ ਸ਼ਰਮਾ ਵੀ ਕਤਲਾਂ ’ਚ ਸ਼ਾਮਲ ਸੀ। ਸੁਲਤਾਨਪੁਰੀ ਦੇ ਬਲਾਕ 4-ਏ ’ਚ ਇਕ ਬਾਗੜੀ ਪ੍ਰਧਾਨ, ਬ੍ਰਹਮਾ ਨੰਦ ਗੁਪਤਾ ਪ੍ਰਧਾਨ, ਨੱਥੂ ਪ੍ਰਧਾਨ ਭੰਗੀ, ਉਦਾਲ ਜੱਟ, ਹਨੂੰਮਾਨ, ਰਾਸ਼ਨ ਸ਼ਾਪ ਦਾ ਮਾਲਕ, ਗਵਾ ਨੰਦ, ਦੁਕਾਨਦਾਰ, ਗਨਪਤ, ਦੁਕਾਨਦਾਰ, ਪਿਆਰਾ ਗੁਜਰਾਤੀ, ਗੁਰਬਤ ਬ੍ਰਦਰਜ਼, ਇਸਲਾਮ, ਰਾਓ, ਛਾਂਗਾਂ ਸਕੂਟਰ ਵਾਲ਼ਾ, ਓਮੀ ਆਟੋ ਰਿਕਸ਼ਾ ਵਾਲ਼ਾ, ਗਰੀਬ ਦਾਸ, ਵਰਮਾ ਨੰਦ ਮਿੱਟੀ ਦੇ ਤੇਲ ਦਾ ਵਪਾਰੀ। ਬਲਾਕ ਏ-5 ’ਚ ਹਸਲਾ ਰਾਮ, ਮੰਗਲਾ, ਸਤਬੀਰ, ਸਲਾਮ। ਬਲਾਕ 1 ’ਚ ਪਾਲ ਬ੍ਰਾਹਮਣ, ਖਿਸਮਵਿਆ, ਸ਼ੰਭੂ, ਕੁਮਾਰ। ਬਲਾਕ ਸੀ-3 ’ਚ ਗੋਪਾ ਐਂਡ ਬ੍ਰਦਰਜ਼, ਬੱਬਰ ਤੇ ਉਸ ਦਾ ਬਾਪ, ਤਿਵਾੜੀ, ਰਘੁਬੀਰ ਭੰਗੀ, ਪ੍ਰਤਾਪ ਭੰਗੀ, ਵਾਜ਼ਿਜ਼। ਬਲਾਕ ਸੀ-4 ’ਚ ਬ੍ਰਿਜ ਲਾਲ ਐਂਡ ਸੰਨਜ਼, ਕਾਲ਼ਾ ਰਾਮ ਅਤੇ ਇਸ ਦੇ ਦੋ ਪੁੱਤਰ, ਪ੍ਰੇਮ ਸਿੰਘ ਉਰਫ਼ ਪ੍ਰੇਮ ਮੱਛੀ ਵਾਲ਼ਾ ਪ੍ਰਾਪਰਟੀ ਡੀਲਰ, ਜੈ ਕਿਸ਼ਨ ਭੰਗੀ, ਡਾਨੀ, ਰਾਜੂ, ਪੱਪੂ, ਰਵੀਕਰਨ ਦਰਜੀ, ਕਾਨਾ ਰਾਮ, ਪੈਰਨ ਲਾਲ ਪੁੱਤਰ ਥਕੇਤਾ ਕੋਮਲ। ਬਲਾਕ ਪੀ-3 ’ਚ ਤਾਰਾ ਚੰਦ ਤਰਖਾਣ, ਮਾਸਟਰ ਮਿੱਟੀ ਦਾ ਤੇਲ ਵੇਚਣ ਵਾਲ਼ਾ ਦੁਕਾਨਦਾਰ, ਰਾਧੇ ਸ਼ਿਆਮ ਮਕੈਨਿਕ, ਬਾਬੂ ਲਾਲ ਸਬਜ਼ੀ ਵਾਲ਼ਾ, ਸਿਕੰਦਰ ਦਾ ਭਾਈ, ਮੁਕਾਮ ਸਿੰਘ ਗੁਦਾਮ ਦਾ ਮਾਲਕ। ਮੰਗੋਲਪੁਰੀ ਇਲਾਕੇ ’ਚ ਹਰਿਦੁਆਰੀ ਲਾਲ (ਮੰਡਲ ਪ੍ਰਧਾਨ), ਨਰਿੰਦਰ ਸਿੰਘ ਕਾਂਗਰਸੀ ਵਰਕਰ, ਸਲੀਮ ਕੁਰੈਸ਼ੀ ਅਤੇ ਸ਼ਵਕੀਨ ਜੋ ਕਾਂਗਰਸ ਦੇ ਵਰਕਰ ਹਨ ਤੇ ਜੋ ਵਕਫ ਕਲੱਬ ਨਾਲ਼ ਸੰਬੰਧ ਰੱਖਦੇ ਹਨ, ਮਾਲਾ ਰਾਮ ਕਾਂਗਰਸੀ ਵਰਕਰ, ਰਜਿੰਦਰ ਆਫ ਨਿਊ ਸਟਾਲ ਕਲੱਬ, ਸ਼ਿਵਚਰਨ। ਮਜੂਪੁਰ ਗੌਂਡਾ ਇਲਾਕੇ ’ਚ ਬਿਸ਼ਨਾ ਜੋਗਿੰਦਰ (ਮਿੱਟੀ ਦੇ ਤੇਲ ਦਾ ਵਪਾਰੀ), ਤਿਲੋਕ (ਆਟੇ ਦੀ ਚੱਕੀ ਦਾ ਮਾਲਕ), ਗੁਪਤਾ (ਕਾਗ਼ਜ਼ ਦਾ ਵਪਾਰੀ), ਡੇਲੂ ਰਾਮ ਅਤੇ ਰਾਮ ਕਿਸ਼ਾਨ (ਦਰਜੀ), ਭੋਲਾ ਦੋਧੀ, ਬਲਬੀਰ ਦੋਧੀ (ਦੁਕਾਨਦਾਰ), ਗਿਆਨ (ਮਲਵਈ), ਪ੍ਰੇਮ (ਨਾਈ), ਨਰਾਇਣ ਦਾ ਲੜਕਾ, ਬ੍ਰਹਮ। ਸ਼ਕਰਪੁਰ ਇਲਾਕੇ ’ਚ ਭਾਟੀਆ, ਡੋਗਰਾ, ਸ੍ਰੀ ਸਿੰਘ (ਤਿੰਨੋ ਕਾਂਗਰਸੀ ਵਰਕਰ), ਲੱਛਮੀ ਧੋਬਣ ਜੋ ਮਹਿਲਾ ਸੰਮਤੀ ਦੀ ਮੈਂਬਰ ਹੈ ਉਸ ’ਤੇ ਸਿੱਖਾਂ ਨੂੰ ਜ਼ਿੰਦਾ ਸਾੜਨ ਲਈ ਲੋਕਾਂ ਨੂੰ ਭੜਕਾਉਣ ਦਾ ਦੋਸ਼ ਹੈ, ਅਸ਼ਵਨੀ (ਭਾਰਤੀ ਜਨਤਾ ਪਾਰਟੀ ਦਾ ਵਰਕਰ), ਸਤਪਾਲ ਜੋ ਸ਼ਕਰਪੁਰ ਦੇ ਮੁੱਖ ਮਾਰਗ ’ਤੇ ਸਥਿਤ ਥਰੀ ਸਟਾਰ ਹੋਟਲ ਦਾ ਮਾਲਕ ਹੈ, ਅਸ਼ੋਕ ਕੁਮਾਰ ਜਿਸ ਦੀ ਸ਼ਕਰਪੁਰ ਵਿੱਚ ਆਟੇ ਦੀ ਚੱਕੀ ਹੈ, ਰਾਮ ਨਿਵਾਸ ਸ਼ਰਮਾ, ਰੋਹਤਾਸ ਸਿੰਘ ਪਿੰਡ ਸ਼ਕਰਪੁਰ। ਖਜੂਰੀ ਖਾਸ ਇਲਾਕੇ ’ਚ ਕਦਰਾ ਸਿੰਘ (ਪੰਚਾਇਤ ਦਾ ਸਰਪੰਚ), ਕਦਰਾ ਸਿੰਘ ਦੇ ਭਤੀਜੇ, ਨੰਬਤ ਸਿੰਘ ਜਿਸ ਦੀ ਇਲਾਕੇ ਵਿੱਚ ਰਾਸ਼ਨ ਦੀ ਦੁਕਾਨ ਹੈ, ਸ਼ਾਮ ਲਾਲ (ਰਿਟਾਇਰਡ ਏ.ਐੱਸ.ਆਈ.), ਜੈ ਸਿੰਘ (ਮਿੱਟੀ ਦੇ ਤੇਲ ਦਾ ਵਪਾਰੀ), ਜੰਗੂ, ਪਰਸਾ, ਪ੍ਰਤਾਪ ਜੋ ਸਾਗਰਪੁਰ ਦਾ ਪ੍ਰਧਾਨ ਹੈ ਜਿਸ ’ਤੇ ਜਨਕਪੁਰੀ ਨੇੜੇ ਸਾਗਰਪੁਰ ਦੇ ਵਸਨੀਕ ਬੁੱਧ ਸਿੰਘ ਦੇ ਪਰਿਵਾਰ ਦੇ 22 ਮੈਂਬਰ ਬੇ-ਰਹਿਮੀ ਨਾਲ਼ ਮਾਰਨ ਦਾ ਦੋਸ਼ ਹੈ। ਬਲਾਕ ਸੀ ਵਿੱਚ ਡੱਬੂ ਭੰਗੀ, ਕਾਲ਼ੀਆ ਭੰਗੀ, ਉਪਲੀ ਭੰਗੀ, ਸੋਹਨ ਸਾਂਸੀ, ਮੋਹਨ ਸਾਂਸੀ, ਭੰਨਾ ਸਾਂਸੀ, ਰਾਜੂ ਭੰਗੀ, ਮਾਲਾ ਰਾਮ ਇਸ ’ਤੇ ਸਿੱਖਾਂ ਦੇ ਮਕਾਨਾਂ ਨੂੰ ਅੱਗ ਲਾਉਣ ਲਈ ਮਿੱਟੀ ਦਾ ਤੇਲ ਮੁਫਤ ਵੰਡਣ ਦਾ ਦੋਸ਼ ਹੈ। ਮੰਡਵਾਲੀ ਉਚਪੁਰ ’ਚ ਸਚਦੇਵਾ ਪ੍ਰਾਪਰਟੀ ਡੀਲਰ, ਰਾਜ ਕਾਲੀਆ ਸੀਮੇਂਟ ਡੀਲਰ, ਗੁਪਤਾ ਉਰਫ਼ ਚੱਕੀ ਕਰਿਆਨੇ ਦਾ ਦੁਕਾਨਦਾਰ, ਰਾਮ ਪ੍ਰਕਾਸ਼ ਜੋ ਖਾਦੀ ਭਵਨ ਵਿੱਚ ਕੰਮ ਕਰਦਾ ਹੈ, ਡਾਕਟਰ ਬੱਬਰ, ਧਰਮ ਪਾਲ, ਕਿਸ਼ਨ ਦੱਤ, ਬਾਬੂ ਰਾਮ, ਲਾਲ ਬਹਾਦਰ ਮਿਸ਼ਰਾ, ਜੋਸ਼ੀ। ਰਾਜ ਨਗਰ ’ਚ ਬਲਵਾਨ ਖੋਖਰ, ਮਹਿੰਦਰ ਸਿੰਘ ਬਰਗਡੋਲਾ, ਪੰਡਤ ਤਾਰਾ ਚੰਦ, ਈਸ਼ਵਰ ਚੰਦ ਵਰਮਾ, ਪੰਡਿਤ ਰਾਮ ਨਿਵਾਸ, ਕਮਲ ਧੋਬੀ, ਡੇਵਿਡ ਧੋਬੀ ਦਾ ਲੜਕਾ, ਛਿਨਾਇਕ ਦਾ ਪਰਿਵਾਰ। ਆਜ਼ਾਦਪੁਰ ਇੰਡਸਟਰੀਅਲ ਏਰੀਏ ’ਚ ਈ.ਐਸ. ਬੇਦੀ (ਕਾਰਖਾਨੇਦਾਰ) ਇਸ ’ਤੇ ਪਹਿਲੀ ਨਵੰਬਰ ਦੀ ਸਵੇਰ ਨੂੰ ਲੋਕਾਂ ਦੀ ਭੀੜ ਇਕੱਠੀ ਕਰਨ ਅਤੇ ਉਸ ਨੂੰ ਭੜਕਾਉਣ ਦਾ ਦੋਸ਼ ਹੈ। ਉਸ ਦੀ ਆਪਣੀ ਫੈਕਟਰੀ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਜਦੋਂ ਕਿ ਉਸ ਦੇ ਗਵਾਂਢ ਸ. ਪਿਆਰਾ ਸਿੰਘ ਦੀ ਫੈਕਟਰੀ ਨੂੰ ਗੁੰਡਿਆਂ ਨੇ ਸਾੜ ਕੇ ਸਵਾਹ ਕਰ ਦਿੱਤਾ।”





ਆਵਾਜ਼ ਕੌਮ AWAZE QAUM International Newspaper & WEB TV

ਇਸ ਤੋਂ ਇਲਾਵਾ ਹੋਰ ਵੀ ਬੇਅੰਤ ਹਿੰਦੂਤਵੀ ਗੁੰਡੇ ਅਤੇ ਕਾਤਲ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਅਣਮਨੁੱਖੀ ਤਸੀਹੇ ਦਿੰਦਿਆਂ ਬੇ-ਰਹਿਮੀ ਨਾਲ਼ ਸ਼ਹੀਦ ਕੀਤਾ। ਇਸ ਕਤਲੇਆਮ ਬਾਰੇ ਬੋਲਦਿਆਂ-ਲਿਖਦਿਆਂ, ਪੜ੍ਹਦਿਆਂ-ਸੁਣਦਿਆਂ ਅੱਜ ਵੀ ਲੂੰ-ਕੰਢੇ ਖੜ੍ਹੇ ਹੋ ਜਾਂਦੇ ਹਨ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਕਹੇ ਜਾਣ ਵਾਲ਼ੇ ਭਾਰਤ ਦੇਸ਼ ਅੰਦਰ ਹਿੰਦੂ ਬਹੁਗਿਣਤੀ ਵੱਲੋਂ ਕੀਤਾ ਗਿਆ ਇਹ ਸੰਸਾਰ ਦੇ ਇਤਿਹਾਸ ਦਾ ਸਭ ਤੋਂ ਸ਼ਰਮਨਾਕ ਕਾਰਾ ਸੀ। ਇਹ ਸਿੱਖ ਨਸਲਕੁਸ਼ੀ ਨਾ ਤਾਂ ਭੁੱਲਣਯੋਗ ਹੈ ਅਤੇ ਨਾ ਹੀ ਬਖ਼ਸ਼ਣਯੋਗ ਹੈ, ਇਹਨਾਂ ਦੁਸ਼ਟਾਂ ਨੂੰ ਰਹਿੰਦੀ ਦੁਨੀਆਂ ਤਕ ਲਾਹਣਤਾਂ ਪੈਂਦੀਆਂ ਰਹਿਣਗੀਆਂ, ਇਹਨਾਂ ਦਾ ਨਾਮ ਸਿੱਖੀ ਦੇ ਦੁਸ਼ਮਣਾਂ ਗੰਗੂ, ਚੰਦੂ, ਸੁੱਚਾ ਨੰਦ, ਅਬਦਾਲੀ, ਜ਼ਕਰੀਆਂ ਖਾਂ, ਮੱਸਾ ਰੰਘੜ ਅਤੇ ਲਖਪਤ ਰਾਏ ਵਾਲ਼ੀ ਸੂਚੀ ਵਿੱਚ ਹੈ। ਯਾਦ ਰਹੇ ਕਿ ਕੋਈ ਸਿੱਖ ਭਾਵੇਂ ਕਿਸੇ ਪਾਰਟੀ ਨਾਲ਼ ਜੁੜਿਆ ਸੀ ਜਾਂ ਕਿਸੇ ਸੰਸਥਾ ਨਾਲ਼ ਜਾਂ ਸਰਕਾਰੀ ਨੌਕਰੀ ਕਰਦਾ ਸੀ ਲੇਕਿਨ ਉਸ ਸਮੇਂ ਹਿੰਦੂਤਵੀਆਂ ਦੀ ਨਿਗ੍ਹਾ ’ਚ ਸਾਰੇ ਸਿੱਖ ਇੱਕੋ ਜਿਹੇ ਸਨ ਜਿਸ ਕਰਕੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਡਾ. ਮਨਮੋਹਨ ਸਿੰਘ ਅਤੇ ਜਨਰਲ ਜਗਜੀਤ ਸਿੰਘ ਅਰੋੜਾ ਵਰਗੇ ਸਿੱਖਾਂ ਨੇ ਵੀ ਭੱਜ-ਲੁਕ ਕੇ ਆਪਣੀ ਜਾਨ ਬਚਾਈ। ਹਿੰਦੂਵਾਦੀ ਭੀੜਾਂ ਵੱਲੋਂ ਸਿੱਖਾਂ ’ਤੇ ਕੀਤੇ ਜ਼ੁਲਮਾਂ ਨੇ ਮੁਗਲਾਂ ਅਤੇ ਅੰਗਰੇਜ਼ਾਂ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤੀ। ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਰਣਜੀਤ ਸਿੰਘ ਕੁੱਕੀ ਅਤੇ ਹੋਰ ਸਿੱਖ ਜੁਝਾਰੂਆਂ ਨੇ ਆਪਣੇ ਹੱਥੀਂ ਕੁਝ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਤੇ ਬਾਕੀ ਅੱਜ-ਤਕ ਦਨ-ਦਨਾਉਂਦੇ ਫਿਰਦੇ ਹਨ। ਜਿਸ ਭਾਰਤੀ ਸਟੇਟ ਨੇ ਸਾਡਾ ਕਤਲੇਆਮ ਕਰਵਾਇਆ ਉਸ ਤੋਂ ਇਨਸਾਫ਼ ਦੀ ਕੋਈ ਆਸ ਨਹੀਂ। ਹੁਣ ਅਸਲ ਇਨਸਾਫ਼ ਤਾਂ ਕੌਮੀ ਘਰ ਖ਼ਾਲਿਸਤਾਨ ਦੀ ਅਜ਼ਾਦੀ ਹੀ ਹੈ ਜਿਸ ਲਈ ਸਿੱਖ ਸੰਘਰਸ਼ਸ਼ੀਲ ਅਤੇ ਯਤਨਸ਼ੀਲ ਹਨ।

**- ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ**
**ਮੋ : 88722-93883.**

# ਇੱਕ ਨਜ਼ਰ . . .



## ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੋ ਬਾਅਦ ਐਡਵੋਕੇਟ ਧਾਮੀ ਦੇ ਕਾਰਜਕਾਲ ਨੂੰ ਸ਼ੋਮਣੀ ਕਮੇਟੀ ਦੇ ਸੁਨਹਿਰੇ ਦੌਰ ਵਜੋ ਜਾਣਿਆ ਜਾਵੇਗਾ: ਬਾਵਾ

ਨਵੀਂ ਦਿੱਲੀ 2 ਨੈਵੰਬਰ (ਮਨਪ੍ਰੀਤ ਸਿੰਘ ਖਾਲਸਾ):- ਮਹਾਰਾ.ਸਟਰ ਤੋ ਸ਼ੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਮੈਂਬਰ ਬਾਵਾ ਗੁਰਿੰਦਰ ਸਿੰਘ ਨੇ ਸ਼ੋਮਣੀ ਅਕਾਲੀ ਦਲ ਵਲੋ ਸ਼ੋਮਣੀ ਕਮੇਟੀ ਪ੍ਰਧਾਨ ਦੇ ਆਹੁਦੇ ਲਈ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪਾਰਟੀ ਦੇ ਉਮੀਦਵਾਰ ਐਲਾਨ ਕਰਨ ਤੇ ਪਾਰਟੀ ਪ੍ਰਧਾਨ ਸ੍ਰ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ ਹੈ ਤੇ ਐਡਵੋਕੇਟ ਧਾਮੀ ਨੂੰ ਦਿਲੀ ਮੁਬਾਰਕਬਾਦ ਪੇਸ਼ ਕੀਤੀ ਹੈ। ਉਨਾਂ ਕਿਹਾ ਕਿ ਸ੍ਰ ਬਾਦਲ ਨੇ ਜਰਨਲ ਹਾਉਸ ਦੇ ਮੈਂਬਰਾਂ ਦੀ ਰਾਏ ਮੁਤਾਬਿਕ ਉਮੀਦਵਾਰ ਵਜੋ ਐਡਵੋਕੇਟ ਧਾਮੀ ਦਾ ਨਾਮ ਐਲਾਨ ਕੇ ਸ਼ੋਮਣੀ ਕਮੇਟੀ ਹਾਉਸ ਵਿਚਲੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਚਾਰੋ ਖਾਨੇ ਚਿਤ ਕੀਤਾ ਹੈ। ਉਨਾਂ ਕਿਹਾ ਕਿ ਐਡਵੋਕੇਟ ਧਾਮੀ ਇਕ ਕੁਸ਼ਲ ਪ੍ਰਬੰਧਕ, ਨੇਕ, ਇਮਾਨਦਾਰ ਹਨ ਤੇ ਉਨਾਂ ਪੰਥ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਇਕ ਕੀਤਾ ਹੋਇਆ ਹੈ। ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੋ ਬਾਅਦ ਐਡਵੋਕੇਟ ਧਾਮੀ ਦੇ ਕਾਰਜਕਾਲ ਨੂੰ ਸ਼ੋਮਣੀ ਕਮੇਟੀ ਦੇ ਸੁਨਹਿਰੇ ਦੌਰ ਵਜੋ ਜਾਣਿਆ ਜਾਵੇਗਾ ਉਨਾ ਦੇ ਕਾਰਜਕਾਲ ਵਿਚ ਪੰਥ ਨੇ ਦਿਨ ਦੂਨੀ ਤੇ ਰਾਤ ਚੌਗੁਣੀ ਤਰਕੀ ਕੀਤੀ ਹੈ। ਪੰਥ ਤੇ ਜਦ ਵੀ ਬਿਖੜਾ ਸਮਾਂ ਆਇਆ ਤਾਂ ਐਡਵੋਕੇਟ ਧਾਮੀ ਨੇ ਦਿਨ ਰਾਤ ਇਕ ਕਰਕੇ ਪੰਥ ਦੀ ਅਗਵਾਈ ਕੀਤੀ। ਸ਼ੋਮਣੀ ਅਕਾਲੀ ਦਲ ਨੂੰ ਵੀ ਐਡਵੋਕੇਅ ਧਾਮੀ ਤੇ ਮਾਣ ਹੈ। ਸ੍ਰ ਬਾਵਾ ਨੇ ਕਿਹਾ ਕਿ ਐਡਵੋਕੇਟ ਧਾਮੀ ਹਰ ਖੇਤਰ ਵਿਚ ਪੰਥ ਨੂੰ ਸਰਬਉਚ ਦੇਖਣਾ ਚਾਹੁੰਦੇ ਹਨ, ਉਨਾਂ ਦੀ ਅਗਵਾਈ ਵਿਚ ਹੀ ਪੰਥ ਨੇ ਹੜ੍ਹ ਪੀੜਤਾਂ ਦੀ ਮਦਦ ਕੀਤੀ, ਨਿਸ਼ਚੈ ਅਕੈਡਮੀ ਵਿਚ ਸਿੱਖ ਬੱਚਿਆ ਨੂੰ ਸਿਵਲ ਸਰਵਸਿਜ਼ ਲਈ ਤਿਆਰੀ ਕਰਵਾਉਣੀ, ਲੋੜਵੰਦਾਂ ਦੇ ਇਲਾਜ ਲਈ ਪੰਜਾਬ ਫ੍ਰੀ ਤੇ ਘਟ ਕੀਮਤ ਤੇ ਇਲਜਾ ਦੀਆਂ ਸਹੂਲਤਾਂ ਸਮੇਤ ਅਨੇਕਾਂ ਅਜਿਹੇ ਕੰਮ ਹਨ ਜਿਨਾ ਲਈ ਐਡਵੋਕੇਟ ਧਾਮੀ ਨੇ ਯਤਨ ਕੀਤੇ। ਇਸ ਮੌਕੇ ਤੇ ਉਨਾਂ ਐਡਵੋਕੇਟ ਧਾਮੀ ਨੂੰ ਸਿਰੋਪਾ ਦੇ ਕੇ ਸਨਮਾਨਿਤ ਵੀ ਕੀਤਾ।

## ਸ਼ੋਮਣੀ ਗੁਰਦੁਆਰਾ ਕਮੇਟੀ ਨੇ ਭਗਤ ਨਾਮਦੇਵ ਜੀ ਦੇ ਜਨਮ ਦਿਹਾੜਾ ਸ਼ਰਧਾ-ਭਾਵਨਾ ਨਾਲ ਮਨਾਇਆ

ਅੰਮ੍ਰਿਤਸਰ, 2 ਨਵੰਬਰ (ਆਵਾਜ਼ਿ ਕੌਮ ਬਿਊਰੋ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧ ਵਿਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਅਮਨਦੀਪ ਸਿੰਘ ਦੇ ਜਥੇ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਅਰਦਾਸ ਭਾਈ ਬਲਵਿੰਦਰ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਕਥਾਵਾਚਕ ਭਾਈ ਵਿਸ਼ਾਲ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਭਾਈ ਵਿਸ਼ਾਲ ਸਿੰਘ ਨੇ ਸੰਗਤਾਂ ਨਾਲ ਭਗਤ ਨਾਮਦੇਵ ਜੀ ਦੇ ਜੀਵਨ ਇਤਿਹਾਸ ਬਾਰੇ ਸਾਂਝ ਪਾਈ। ਉਨ੍ਹਾਂ ਕਿਹਾ ਕਿ ਭਗਤ ਨਾਮਦੇਵ ਜੀ ਦਾ ਜੀਵਨ ਕਿਰਤ ਕਰਨ ਅਤੇ ਨਾਮ ਸਿਮਰਨ ਦੀ ਪ੍ਰੇਰਣਾ ਦਿੰਦਾ ਹੈ। ਭਗਤ ਨਾਮਦੇਵ ਜੀ ਦੀ ਬਾਣੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ, ਜਿਸ ਵਿੱਚੋਂ ਰੱਬੀ ਅਤੇ ਮਨੁੱਖੀ ਏਕਤਾ ਦੀ ਸੇਧ ਮਿਲਦੀ ਹੈ। ਉਨ੍ਹਾਂ ਸੰਗਤਾਂ ਨੂੰ ਭਗਤ ਜੀ ਦੇ ਜੀਵਨ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੈਨੇਜਰ ਸ. ਜਸਪਾਲ ਸਿੰਘ ਢੱਡੇ ਤੇ ਸੰਗਤਾਂ ਹਾਜ਼ਰ ਸਨ।

## ਨਵੰਬਰ 1984 ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ 'ਚ ਸ਼ੋਮਣੀ ਕਮੇਟੀ ਨੇ ਕਰਵਾਇਆ ਸਮਾਗਮ



ਅੰਮ੍ਰਿਤਸਰ, 2 ਨਵੰਬਰ (ਆਵਾਜ਼ਿ ਕੌਮ ਬਿਊਰੋ):ਨਵੰਬਰ 1984 'ਚ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਹੋਏ ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਅਰਦਾਸ ਉਪਰੰਤ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਗਿਆਨੀ ਪਰਵਿੰਦਰਪਾਲ ਸਿੰਘ ਨੇ ਨਵੰਬਰ 1984 ਦੇ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਦਿਆਂ ਇਸ ਨੂੰ ਸਿੱਖ ਕੌਮ 'ਤੇ ਹੋਇਆ ਵੱਡਾ ਹਮਲਾ ਕਿਹਾ। ਉਨ੍ਹਾਂ ਕਿਹਾ ਕਿ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਤੇ ਹੋਏ ਇਸ ਹਮਲੇ ਨੇ ਦੇਸ਼ ਅੰਦਰ ਹੀ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ। ਉਨ੍ਹਾਂ ਕਿਹਾ ਕਿ ਇਸ ਘਿਨੌਣੇ ਕਾਰੇ ਨੂੰ ਇਤਿਹਾਸ ਸਦਾ ਯਾਦ ਰੱਖੇਗਾ, ਜਿਸ ਦਾ ਕਲੰਕ ਕਾਂਗਰਸ ਪਾਰਟੀ ਦੇ ਮੱਥੇ 'ਤੇ ਹਮੇਸ਼ਾ ਰਹੇਗਾ। ਗਿਆਨੀ ਪਰਵਿੰਦਰਪਾਲ ਸਿੰਘ ਨੇ ਸਿੱਖ ਕੌਮ ਨੂੰ ਗੁਰੂ ਬਖਸ਼ੇ ਸਿਧਾਂਤ 'ਦਰ ਆਏ ਨੂੰ ਦੇਗ ਅਤੇ ਚੜ੍ਹ ਕੇ ਆਏ ਨੂੰ ਤੇਗ' ਵਿੱਚ ਪ੍ਰਪੱਕ ਹੋਣ ਲਈ ਵੀ ਪ੍ਰੇਰਿਆ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਸਿੱਖੀ ਪ੍ਰੰਪਰਾਵਾਂ ਵਿਚ ਪ੍ਰਪੱਕ ਹੋਈਏ ਤਾਂ ਦੁਸ਼ਮਣ ਸਾਡਾ ਨੁਕਸਾਨ ਨਹੀਂ ਕਰ ਸਕਦਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸ. ਗੁਰਪ੍ਰੀਤ ਸਿੰਘ ਝੱਬਰ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਮਨਜੀਤ ਸਿੰਘ ਤਲਵੰਡੀ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਮੈਨੇਜਰ ਸ. ਰਜਿੰਦਰ ਸਿੰਘ ਰੂਬੀ, ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਸ. ਜਸਬੀਰ ਸਿੰਘ ਆਦਿ ਹਾਜ਼ਰ ਸਨ।

# ਨਵੰਬਰ 1984 : ਨਾ ਭੁੱਲਣਯੋਗ, ਨਾ ਬਖ਼ਸ਼ਣਯੋਗ



ਸੰਨ 1966 ਵਿੱਚ ਪੰਜਾਬੀ ਸੂਬਾ ਹੋਂਦ ਵਿੱਚ ਆਉਣ ਤੋਂ ਬਾਅਦ ਸਿੱਖ ਆਪਣੀ ਜਿੰਦਗੀ ਬੜੇ ਆਰਾਮ ਨਾਲ ਜੀਅ ਰਹੇ ਸਨ । ਪਰ ਸਿੱਖਾਂ ਅਤੇ ਸਿੱਖੀ ਦੇ ਕੱਟੜ ਵੈਰੀ ਬ੍ਰਾਹਮਣ ਜੀ ਨੂੰ ਇਹ ਗੱਲ ਰਾਸ ਨਹੀਂ ਆਈ । ਹਿੰਦੂਆਂ ਦੇ ਪੰਜਾਬ ਦੇ ਲੀਡਰ ਅਤੇ ਅੱਗਬਾਣੀ ਅਖਬਾਰ ਦੇ ਮਾਲਕ ਲਾਲਾ ਜਗਤ ਨਾਰਾਇਣ ਨੇ ਦਿੱਲੀ ਨੂੰ ਜਾ ਕੇ ਦੱਸਿਆ ਕਿ ਸਿੱਖ ਕੌਮ ਬਹੁਤ ਖੁਸ਼ ਖੁਸ਼ ਨਜ਼ਰ ਆ ਰਹੀ ਹੈ ਅਤੇ ਸਿੱਖ ਅਤੇ ਪੰਜਾਬ ਤਰੱਕੀ ਕਰ ਰਹੇ ਹਨ ਏਸ ਕਰਕੇ ਇਹਨਾਂ ਵਾਰੇ ਕੁੱਝ ਸੋਚੋ । ਤਾਂ ਦਿੱਲੀ ਨੇ ਸੰਨ 1978 ਦੀ ਵਿਸਾਖੀ ਵਾਲੇ ਦਿਨ ਨਰਕਧਾਰੀ ਸੰਸਥਾ ਦੇ ਮੁੱਖੀ ਗੁਰਬਚਨੇ ਨੂੰ ਪੰਜਾਬ ਭੇਜ ਕੇ ਸਿੱਖਾਂ ਨੂੰ ਲਲਕਾਰਿਆ ਵੀ ਅਤੇ ਸਿੱਖਾਂ ਦਾ ਕਤਲੇਆਮ ਵੀ ਕੀਤਾ ਜਿਸ ਨੂੰ ਅਣਖੀ ਸਿੱਖਾਂ ਨੇ ਬਰਦਾਸ਼ਤ ਨਹੀਂ ਕੀਤਾ । ਨਰਕਧਾਰੀਆਂ ਦਾ ਪੰਜਾਬ ਦੀ ਧਰਤੀ ਉੱਪਰੋਂ ਸਫ਼ਾਇਆ ਕਰਨ ਲਈ ਸਿੱਖ ਜੁਝਾਰੂਆਂ ਨੇ ਪ੍ਰਣ ਕੀਤਾ ਅਤੇ ਕਈ ਨਰਕਧਾਰੀਆਂ ਨੂੰ ਧੁਰ ਦੀ ਟਿਕਟ ਦਿੱਤੀ ਅਤੇ ਨਰਕਧਾਰੀਆਂ ਦੇ ਕੂੜ ਸੰਗ ਭਵਨ ਵੀ ਬੰਦ ਕਰਵਾਏ। ਇਸ ਸਾਰੇ ਘਟਨਾਕ੍ਰਮ ਵਿੱਚੋਂ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਸ਼ਖ਼ਸੀਅਤ ਉੱਭਰ ਕੇ ਸਾਹਮਣੇ ਆਈ ਅਤੇ ਉੱਹਨਾਂ ਸ਼ਰੇਆਮ ਸਿੱਖੀ ਦਿਆਂ ਵੈਰੀਆਂ ਨੂੰ ਲਲਕਾਰਿਆ। ਇਸ ਵਰਤਾਰੇ ਦਾ ਨਤੀਜਾ ਜੂਨ 1984 ਦੇ ਘੱਲੂਘਾਰੇ ਦੇ ਰੂਪ ਵਿੱਚ ਨਿਕਲਿਆ , ਜਿਸ ਦੀ ਖਲਨਾਇਕ ਹਿੰਦੋਸਤਾਨ ਦੀ ਪਰਧਾਨ ਮੰਤਰੀ ਇੰਦਰਾ ਗਾਂਧੀ ਸੀ ਜਿਸ ਦੇ ਹੁਕਮਾਂ ਉੱਤੇ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਅਤੇ ਉੱਹਨਾਂ ਦੇ ਸਾਥੀਆਂ ਨੂੰ ਫੜਨ ਦਾ ਬਹਾਨਾ ਲਾ ਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਤੋਪਾਂ ਟੈਂਕਾਂ ਦੇ ਬੰਬਾਂ ਨਾਲ ਖੰਡਰ ਬਣਾਇਆ ਗਿਆ , ਦਰਬਾਰ ਸਾਹਿਬ ਵਿੱਚ ਤਿੰਨ ਸੌ ਤੋਂ ਵੱਧ ਗੋਲੀਆਂ ਮਾਰੀਆਂ ਗਈਆਂ ਅਤੇ ਹਜ਼ਾਰਾਂ ਬੇਕਸੂਰ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਅਤੇ ਪੂਰੇ ਭਾਰਤ ਵਿੱਚ ਸੱਤਰ ਹੋਰ ਗੁਰਦੁਆਰਿਆਂ ਉੱਪਰ ਵੀ ਹਮਲੇ ਕੀਤੇ ਗਏ । ਹੁਣ ਤੱਕ ਦਾ ਇਤਿਹਾਸ ਦੱਸਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਜੀ ਉੱਪਰ ਹਮਲਾ ਕਰਨ ਵਾਲਾ ਕੋਈ ਵੀ ਦੁਸ਼ਮਣ 153 ਦਿਨਾਂ ਤੋਂ ਵੱਧ ਜੀਅ ਨਹੀਂ ਸਕਿਆ। ਇਸੇ ਇਤਿਹਾਸ ਨੂੰ ਦੁਹਰਾਉਂਦਿਆਂ ਭਾਈ ਬੇਅੰਤ ਸਿੰਘ ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਹੋਰਾਂ ਨੇ 31 ਅਕਤੂਬਰ 1984 ਨੂੰ ਸਵੇਰ ਦੇ ਕਰੀਬ ਸਾਢੇ ਕੁ ਨੌਂ ਵਜੇ ਸਿੱਖਾਂ ਦੀ ਦੁਸ਼ਮਣ ਕੱਟੜ ਬਾਹਮਣੀ ਗੰਗੂ ਦੀ ਔਲਾਦ ਅਤੇ ਮੱਸੇ ਰੰਘੜ ਦੀ ਭੈਣ ਨੂੰ ਧੁੰਨੀ ਦੇ ਹੇਠਲੇ ਹਿੱਸੇ ਵਿੱਚ 38 ਗੋਲੀਆਂ 32 ਸਟੇਨਗੰਨ ਦੀਆਂ ਭਾਈ ਸਤਵੰਤ ਸਿੰਘ ਨੇ ਅਤੇ 6 ਗੋਲੀਆਂ ਭਾਈ ਬੇਅੰਤ ਸਿੰਘ ਨੇ ਮਾਰ ਕੇ ਨਰਕਾਂ ਨੂੰ ਤੋਰਿਆ ਸੀ ਅਤੇ ਸਿੱਖਾਂ ਦੀ ਲੱਥੀ ਪੱਗ ਨੂੰ ਦੁਬਾਰਾ ਸਿੱਖਾਂ ਦੇ ਸਿਰ ਉੱਪਰ ਰੱਖਿਆ ਸੀ ਅਤੇ ਦਰਬਾਰ ਸਾਹਿਬ ਜੀ ਸਮੇਤ ਹੋਰ ਵੀ ਗੁਰਦੁਆਰਿਆਂ ਉੱਪਰ ਕੀਤੇ ਹਮਲੇ ਦਾ ਬਦਲਾ ਲਿਆ ਸੀ। ਭਾਈ ਬੇਅੰਤ ਸਿੰਘ ਜੀ ਨੂੰ ਤਾਂ ਉੱਸੇ ਦਿਨ ਹੀ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਨੂੰ ਬਾਅਦ ਦੇ ਵਿੱਚ 6 ਜਨਵਰੀ 1988 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ । ਇੰਦਰਾ ਗਾਂਧੀ ਦੇ ਸੋਧੇ ਤੋਂ ਬਾਅਦ ਰਾਤੋ ਰਾਤ ਉੱਸ ਦੇ ਪੁੱਤਰ ਰਾਜੀਵ ਗਾਂਧੀ ਨੂੰ ਭਾਰਤ ਦਾ ਪਰਧਾਨ ਮੰਤਰੀ ਬਣਾ ਦਿੱਤਾ ਗਿਆ। ਪਰਧਾਨ ਮੰਤਰੀ ਬਣਦਿਆਂ ਸਾਰ ਹੀ ਉੱਸ ਨੇ ਹਿੰਦੂਆਂ ਨੂੰ ਕਹਿ ਦਿੱਤਾ ਕੇ ਤੁਹਾਨੂੰ ਅਸੀਂ 72 ਘੰਟੇ ਦਿੰਦੇ ਹਾਂ ਦਿੱਲੀ ਸਮੇਤ ਪੂਰੇ ਭਾਰਤ ਵਿੱਚ ਇੱਕ ਵੀ ਸਿੱਖ ਜਿਉਂਦਾ ਨਹੀਂ ਬਚਣਾ ਚਾਹੀਦਾ। ਪੰਜ ਸਦੀਆਂ ਤੋਂ ਸੱਪ ਵਾਂਗ ਵਿੱਸ ਘੋਲ ਰਹੇ ਸਿੱਖਾਂ ਦੇ ਦੁਸ਼ਮਣ ਹਿੰਦੂ ਨੂੰ ਹੁਣ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾਉਣ ਲਈ ਮੌਕਾ ਮਿਲ ਗਿਆ ਸੀ । ਫੇਰ 1 ਨਵੰਬਰ 1984 ਦੀ ਸਵੇਰ ਤੋਂ ਲੈ ਕੇ 3 ਨਵੰਬਰ 1984 ਤੱਕ ਹਿੰਦੂ ਭੀੜਾਂ ਨੇ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ, ਗਲਾਂ ਵਿੱਚ ਟਾਇਰ ਪਾ ਕੇ ਸਿੱਖਾਂ ਨੂੰ ਸਾੜਿਆ ਗਿਆ, ਮਿੱਟੀ ਦਾ ਤੇਲ ਡੀਜ਼ਲ ਅਤੇ ਪਟਰੌਲ ਪਾ ਕੇ ਸਿੱਖਾਂ ਨੂੰ ਸਾੜਿਆ ਗਿਆ , ਸਿਰਾਂ ਵਿੱਚ ਲੋਹੇ ਦੀ ਰਾਡਾਂ ਮਾਰ ਮਾਰ ਕੇ ਸਿੱਖਾਂ ਨੂੰ ਮਾਰਿਆ ਗਿਆ। ਸਿੱਖਾਂ ਦੇ ਘਰ ਦੁਕਾਨਾਂ ਫੈਕਟਰੀਆਂ ਟਰੱਕਾਂ ਕਾਰਾਂ ਮੋਟਰਸਾਈਕਲ ਸਾੜੇ ਗਏ । ਗੁਰਦਵਾਰਿਆਂ ਨੂੰ ਅੱਗਾਂ ਲਈ ਗਈਆਂ, ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵੀ ਸਾੜੇ ਗਏ । ਬੱਚੀਆਂ ਧੀਆਂ ਭੈਣਾਂ ਅਤੇ ਮਾਤਾਵਾਂ ਨਾਲ ਬਲਾਤਕਾਰ ਕੀਤੇ ਗਏ । ਜੋ ਕੁੱਝ ਵੀ ਸਿੱਖਾਂ ਅਤੇ ਸਿੱਖੀ ਦੇ ਦੁਸ਼ਮਣ ਹਿੰਦੂਆਂ ਕੋਲੋਂ ਹੋ ਸਕਿਆ ਉੱਹ ਉਹਨਾਂ ਨੇ ਸਿੱਖਾਂ ਨਾਲ ਦਿੱਲੀ ਕਾਨ੍ਹਪੁਰ ਬੋਕਾਰੋ ਸਮੇਤ ਭਾਰਤ ਦੇ ਤਿੰਨ ਸੌ ਸ਼ਹਿਰਾਂ ਵਿੱਚ ਕੀਤਾ । ਕਰੀਬ ਪੰਜਾਹ ਹਜ਼ਾਰ ਸਿੱਖ ਪੂਰੇ ਭਾਰਤ ਵਿੱਚ ਹਿੰਦੂਆਂ ਵਲੋਂ ਮਾਰਿਆ ਗਿਆ। ਅੱਜ ਏਸ ਸਾਰੇ ਵਰਤਾਰੇ ਨੂੰ ਪੂਰੇ 41 ਸਾਲ ਹੋ ਗਏ ਹਨ । ਸਿੱਖਾਂ ਦੇ ਜ਼ਖ਼ਮ ਰਿਸ ਰਿਸ ਕੇ ਨਾਸੂਰ ਬਣ ਗਏ ਹਨ । ਭੋਲੇ ਸਿੱਖ ਹਿੰਦੋਸਤਾਨ ਦੀਆਂ ਅਦਾਲਤਾਂ ਵੱਲ ਵੇਖਦੇ ਅੰਨ੍ਹੇ ਹੋ ਗਏ ਹਨ ਕਿ ਕਦੋਂ ਇਨਸਾਫ਼ ਮਿਲੇਗਾ ? ਲੇਕਿਨ ਭੋਲ਼ਿਓ ਸਿੱਖੋ ਇਹਨਾਂ ਪੱਥਰਾਂ ਨੂੰ ਪੂਜਣ ਵਾਲਿਆਂ ਕੋਲੋਂ ਇਨਸਾਫ਼ ਕਦੇ ਮਿਲੇਗਾ ਇਹ ਤਾਂ ਭੁੱਲ ਹੀ ਜਾਵੋ । ਉੱਹ ਸਾਨੂੰ ਰਾਸ਼ਟਰਵਾਦ ਦਾ ਪਾਠ ਪੜ੍ਹਾਉਣ ਵਾਲਿਓ ਸਿੱਖ ਲੀਡਰੋ ਉੱਏ ਕਿਤੇ ਜਾ ਕੇ ਪੁੱਛੋ ਹਾਲ ਉੱਹਨਾਂ ਮਾਵਾਂ ਦਾ ਜਿਹਨਾਂ ਦੇ ਸਾਹਮਣੇ ਉੱਹਨਾਂ ਦੇ ਪੁੱਤ ਕੋਹ ਕੋਹ ਕੇ ਮਾਰ ਦਿੱਤੇ ਗਏ । ਉਹਨਾਂ ਪਤਨੀਆਂ ਦਾ ਕਿਤੇ ਹਾਲ ਪੁੱਛੋ ਜਿਹਨਾਂ ਦੇ ਸੋਹਾਗ ਉੱਜੜ ਗਏ , ਉੱਹਨਾਂ ਦੀਆਂ ਭੈਣਾਂ ਪਿਉਵਾਂ ਬੱਚਿਆਂ ਰਿਸ਼ਤੇਦਾਰਾਂ ਦਾ ਵੀ ਹਾਲ ਕਿਤੇ ਪੁੱਛ ਲਿਓ ਜਾ ਕੇ ਸਿੱਖ ਕੌਮ ਦਿਓ ਗਦਾਰ ਲੀਡਰੋ। ਜੂਨ 1984 ਅਤੇ ਨਵੰਬਰ 1984 ਹਿੰਦੋਸਤਾਨ ਦੇ ਮੱਥੇ ਉੱਪਰ ਰਹਿੰਦੀ ਦੁਨੀਆਂ ਤੱਕ ਕਲੰਕ ਸੀ ਹੈ ਅਤੇ ਰਹੇਗਾ ਵੀ । ਹਿੰਦੋਸਤਾਨ ਦੀਆਂ ਸਰਕਾਰਾਂ ਅਤੇ ਅਦਾਲਤਾਂ ਤੋਂ ਸਿੱਖ ਕੌਮ ਕਿਸੇ ਵੀ ਤਰ੍ਹਾਂ ਦੇ ਇਨਸਾਫ਼ ਦੀ ਆਸ ਕਦੇ ਵੀ ਨਾ ਰੱਖੇ ਜੀ । ਸਿੱਖਾਂ ਦੇ ਸਾਰੇ ਮਸਲਿਆਂ ਦਾ ਹੱਲ ਸਿਰਫ ਅਤੇ ਸਿਰਫ਼ ਸਿੱਖਾਂ ਦਾ ਆਪਣਾ ਆਜ਼ਾਦ ਦੇਸ਼ ਖਾਲਿਸਤਾਨ ਹੀ ਹੈ ਅਤੇ ਖਾਲਿਸਤਾਨ ਇੱਕ ਹਜ਼ਾਰ ਪ੍ਰਤੀਸ਼ਤ ਬਣੇਗਾ ਵੀ ਜ਼ਰੂਰ ਜਿਸ ਨੂੰ ਦੁਨੀਆਂ ਦੀ ਕੋਈ ਵੀ ਤਾਕਤ ਬਣਨ ਤੋਂ ਰੋਕ ਨਹੀਂ ਸਕਦੀ। ਏਸ ਕਰਕੇ ਸਿੱਖ ਕੌਮ ਜੀ ਆਪਣੇ ਆਪਣੇ ਮਰਨ ਤੋਂ ਪਹਿਲਾਂ ਆਪਣੇ ਆਪਣੇ ਬੱਚਿਆਂ ਨੂੰ ਜੂਨ 1984 ਅਤੇ ਨਵੰਬਰ 1984 ਵਾਰੇ ਜ਼ਰੂਰ ਦੱਸ ਕੇ ਜਾਇਓ ਜੀ । ਬਾਕੀ ਵਿਸਥਾਰ ਸਹਿਤ ਜਾਣਕਾਰੀ ਲੈਣ ਲਈ ਸਾਡੀਆਂ ਲਿਖੀਆਂ ਕਿਤਾਬਾਂ ਪੜ੍ਹੋ ਜੀ । ਨਾ ਭੁੱਲਣ ਨਾ ਹੀ ਬਖਸ਼ਣਯੋਗ ਨਵੰਬਰ 1984 ।

- ਹਰਪ੍ਰੀਤ ਸਿੰਘ ਪੰਮਾ (ਅਸਟਰੀਆ)

## ਗੁਰਦੁਆਰੇ ਦੇ ਕਬਜ਼ੇ ਨੂੰ ਲੈ ਕੇ ਦੋ ਧਿਰਾਂ 'ਚ ਟਕਰਾ ਗੁਰਦੁਆਰਾ ਸਾਹਿਬ ਦੀ ਮਰਿਆਦਾ ਦੀ ਉਲੰਘਣਾ ਕਰਨ ਵਾਲਿਆਂ ਤੇ ਕਰਾਵਾਂਗੇ ਕਾਰਵਾਈ: ਬਾਬਾ ਸਤਿੰਦਰ ਸਿੰਘ ਮੁਕੇਰੀਆਂ ਵਾਲੇ



ਜੈਤੀਪੁਰ 2 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ) ਮਜੀਠਾ ਦੇ ਪਿੰਡ ਰੁਮਾਣਾ ਚੱਕ ਵਿਖੇ ਅੱਜ ਦੁਪਹਿਰ ਸਥਿਤੀ ਉਸ ਵੇਲੇ ਤਰਾ ਪੂਰਨ ਹੋ ਗਈ ਜਦੋਂ ਇਕ ਧਿਰਾਂ ਵਿੱਚ ਗੁਰਦੁਆਰਾ ਸਾਹਿਬ ਦੇ ਕਬਜ਼ੇ ਨੂੰ ਲੈ ਲੈ ਕੇ ਟਕਰਾ ਹੋ ਗਿਆ ਇਸ ਸਬੰਧੀ ਗੱਲਬਾਤ ਕਰਦਿਆਂ ਗੁਰਦੁਆਰਾ ਸੰਗਤ ਸਰ ਰਮਾਣਾ ਚੱਕ ਦੇ ਸੇਵਾਦਾਰ ਬਾਬਾ ਸਤਿੰਦਰ ਸਿੰਘ ਮਕੇਰੀਆਂ ਵਾਲਿਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਿੰਡ ਦੇ ਮੌਜੂਦਾ ਸਰਪੰਚ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਵੱਡੀ ਗਿਣਤੀ ਵਿੱਚ ਆਪ ਅਤੇ ਕੁਝ ਪਿੰਡ ਦੇ ਕੁਝ ਬਾਹਰੋਂ ਕੁਝ ਪਿੰਡਾਂ ਦੇ ਸਰਪੰਚਾਂ ਵੱਲੋਂ ਧੱਕੇ ਨਾਲ ਗੁਰਦੁਆਰਾ ਸਾਹਿਬ ਵਿੱਚ ਦਾਖਲ ਹੋ ਕੇ ਗੁਰਦੁਆਰਾ ਸਾਹਿਬ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਗੁਰਦੁਆਰਾ ਸਾਹਿਬ ਦੀ ਰਹਿਤ ਮਰਿਆਦਾ ਦੀ ਉਲੰਘਣਾ ਕੀਤੀ ਗਈ। ਉਹਨਾਂ ਕਿਹਾ ਕਿ ਇਸ ਸਬੰਧੀ ਉਹਨਾਂ ਵੱਲੋਂ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਗਈ ਜਿਸ ਉਪਰੰਤ ਵੱਡੀ ਗਿਣਤੀ ਵਿੱਚ ਪੁਲਿਸ ਪੁੱਜੀ ਗਈ ਪਰ ਪੁਲਿਸ ਦੇ ਕੁਝ ਅਧਿਕਾਰੀ ਰਾਜੀਨਾਮੇ ਦਾ ਦਬਾਅ ਬਣਾ ਰਹੇ ਸਨ ਪਰ ਅਸੀਂ ਉਕਤ ਉਹਨਾਂ ਵਿਅਕਤੀਆਂ ਤੇ ਕਾਰਵਾਈ ਕਰਾਉਣੀ ਚਾਹੁੰਦੇ ਹਾਂ ਜੋ ਗੁਰਦੁਆਰਾ ਸਾਹਿਬ ਵਿੱਚ ਗਲਤ ਢੰਗ ਨਾਲ ਦਾਖਲ ਹੋ ਕੇ ਗੁਰਦੁਆਰਾ ਦੀ ਰਹਿਤ ਮਰਿਆਦਾ ਅਨੁਸਾਰ ਗਲਤ ਹਨ ਅਤੇ ਗੁਰਦੁਆਰਾ ਸਾਹਿਬ ਤੇ ਕਬਜ਼ਾ ਕਰਨਾ ਚਾਹੁੰਦੇ ਹਨ ਉਹਨਾਂ ਕਿਹਾ ਇਹ ਸਾਰੀ ਘਟਨਾ ਗੁਰਦੁਆਰਾ ਸਾਹਿਬ ਦੇ ਸੀਸੀ ਟੀਵੀ ਕੈਮਰਿਆਂ ਵਿੱਚ ਕੈਦ ਹੈ ਇਸ ਸਬੰਧੀ ਦੂਜੀ ਧਿਰ ਸਰਪੰਚ ਪਰਮਿੰਦਰ ਸਿੰਘ ਰਮਾਣਾ ਚੱਕ ਨਾਲ ਜਦੋਂ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਗੁਰਦੁਆਰਾ ਸਾਹਿਬ ਦਾ ਦੋ ਧਿਰਾਂ ਵਿੱਚ ਕੇਸ ਚੱਲ ਰਿਹਾ ਹੈ ਅਸੀਂ ਪਿੰਡ ਵਾਸੀਆਂ ਨੇ ਸਲਾਹ ਕੀਤੀ ਹੈ ਕਿ ਅਸੀਂ ਪਿੰਡ ਵਾਲੇ ਆਪ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲਾਂਗੇ ਜਿਸ ਤੇ ਅਸੀਂ ਅੱਜ ਗੁਰਦੁਆਰਾ ਸਾਹਿਬ ਵਿੱਚ ਆਏ ਹਾਂ ਅਤੇ ਕੋਈ ਵੀ ਗੁਰਦੁਆਰਾ ਸਾਹਿਬ ਦੀ ਰਹਿਤ ਮਰਿਆਦਾ ਦੀ ਕੋਈ ਲੰਘਣਾ ਨਹੀਂ ਕੀਤੀ ਇਸ ਸਬੰਧੀ ਇੰਦਰਜੀਤ ਸਿੰਘ ਵੱਡੀ ਗਿਣਤੀ ਵਿੱਚ ਪੁਲਿਸ ਪਾਰਟੀ ਸਮੇਤ ਪਹੁੰਚੇ ਹੋਏ ਅਤੇ ਉਹਨਾਂ ਗੱਲਬਾਤ ਕਰਦਿਆਂ ਕਿਹਾ ਕਿ ਬਾਬਾ ਜੀ ਵੱਲੋਂ ਉਹਨਾਂ ਨੂੰ ਲਿਖਤੀ ਐਪਲੀਕੇਸ਼ਨ ਦਿੱਤੀ ਗਈ ਹੈ ਜਿਸ ਸਬੰਧੀ ਜਾਂਚ ਕਰਕੇ ਕਾਰਵਾਈ ਕੀਤੀ ਜਾਵੇਗੀ ਇਸ ਸਬੰਧੀ ਸੰਤ ਬਾਬਾ ਸਤਿੰਦਰ ਸਿੰਘ ਮਕੇਰੀਆਂ ਵਾਲਿਆਂ ਨੇ ਪੁਲਿਸ ਪ੍ਰਸ਼ਾਸਨ ਤੇ ਉੱਚ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਕਿ ਪੁਲਿਸ ਵੱਲੋਂ ਉਕਤ ਵਿਅਕਤੀਆਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਉਹਨਾਂ ਨੂੰ ਮਜਬੂਰਨ ਥਾਣਾ ਮਜੀਠਾ ਦਾ ਘਰਾਓ ਕੀਤਾ ਜਾਵੇਗਾ ਜਿਸ ਦੀ ਜਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243